
222

# ਸ਼ੀਰਾਜ਼ਾ



ਜੇ. ਐਂਡ ਕੇ. ਅਕੈਡਮੀ ਆਫ਼ ਆਰਟ, ਕਲਚਰ ਐਂਡ ਲੈਂਗੁਏਜਿਜ਼, ਜੰਮੂ

**Sheeraza** R.N. No. 28873/76 September-October, 2020

(Punjabi)

| ਸਾਲ : 51 | ਅੰਕ : 6 | ਕੁਲ ਅੰਕ : 222 |
| --- | --- | --- |

*Editor-in-chief*

**Munir-ul-Islam**

*Editor*

**Popinder Singh Paras**

ਸੰਪਾਦਕ ਜਾਂ ਪ੍ਰਕਾਸ਼ਕ ਦਾ ਰਚਨਾਵਾਂ ਵਿੱਚ ਵਿਅਕਤ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

ਮੋਬਾਇਲ : 9906977731

ਪ੍ਰਕਾਸ਼ਕ : ਸੈਕਰੇਟਰੀ, ਜੰਮੂ-ਕਸ਼ਮੀਰ ਅਕੈਡਮੀ ਆਫ਼ ਆਰਟ, ਕਲਚਰ ਐਂਡ ਲੈਂਗਵੇਜਿਜ਼, ਜੰਮੂ— 180 001

*Publisher* : **Secretary, J&K Academy of Art, Culture and Languages JAMMU- 180 001**

ਛਾਪਕ : ਕਲਾਸਿਕ ਪ੍ਰਿੰਟਰਜ਼, ਨੈਸ਼ਨਲ ਹਾਈਵੇ, ਬੜੀ ਬ੍ਰਾਹਮਣਾ, ਜੰਮੂ
ਦੂਰਭਾਸ਼ — (01923)-220243, 94191-49293

ਮੁੱਲ : ਦਸ ਰੁਪਏ

ਵਾਰਸ਼ਕ : 50 ਰੁਪਏ

# ਤਤਕਰਾ


- ਆਲੇਖ
  - ਲੋਕ, ਕੰਧ-ਚਿੱਤਰ ਕਲਾ (ਕਸ਼ਮੀਰ-ਖੇਤਰ)/*ਕੰਵਲ ਕਸ਼ਮੀਰੀ/1*
  - ਵਰਿੰਦਰ ਵਾਲੀਆ ਦੀ ਕਥਾਕਾਰੀ/*ਡਾ. ਨਰੇਸ਼ ਕੁਮਾਰ/12*
  - ਪੰਜਾਬੀ ਭਾਸ਼ਾ : ਵਰਤਮਾਨ ਪਰਿਪੇਖ ਦੇ ਸੰਦਰਭ ਵਿਚ/*ਡਾ. ਬਿਮਲੇਸ਼ ਕੁਮਾਰ ਗੁਪਤਾ/19*
  - ਪੋਤੜਿਆਂ ਵਿਚਲਾ ਦਰਦ/*ਰਤਨ ਸਿੰਘ ਕੰਵਲ (ਪਹਿਲਗਾਮੀ)/26*
  - ਜਗਜੀਤ ਸਿੰਘ ਕੋਮਲ ਦੇ ਨਾਟਕਾਂ ਵਿਚ ਪੇਸ਼ ਥੀਮਕ ਇਕਾਈਆਂ/*ਡਾ. ਸਿਮਰਜੀਤ ਕੌਰ/35*
  - ਜੰਮੂ-ਕਸ਼ਮੀਰ ਦੀ ਪੰਜਾਬੀ ਕਹਾਣੀ : ਵਰਤਮਾਨ ਤੇ ਭਵਿੱਖ/*ਡਾ. ਹਰਭਜਨ ਸਿੰਘ/41*
  - ਕਿਰਪਾਲ ਸਿੰਘ ਕਸਾਲੀ ਰਚਿਤ ਨਾਟਕ "ਨੱਚਾਂਗੀ ਸਾਰੀ ਰਾਤ" ਅਜੋਕਾ ਪ੍ਰਸੰਗ/*ਡਾ. ਹਰਜੀਤ ਕੌਰ/48*
  - ਗੁਰਸੇਵਕ ਲੰਬੀ ਦੀ ਵਾਰਤਕ : ਸਮਾਜ-ਸਭਿਆਚਾਰਕ ਸਰੋਕਾਰ/*ਡਾ. ਹਰਜਿੰਦਰ ਸਿੰਘ/53*
  - ਕਾਫਲਾ ਤੁਰਦਾ ਗਿਆ—ਇੱਕ ਮੁਲਾਂਕਣ/*ਪ੍ਰੋ. ਪ੍ਰਵਿੰਦਰ ਕੌਰ/65*
  - ਪੰਜਾਬੀ ਵਾਰਤਕ : ਇਤਿਹਾਸਕ ਪਰਿਪੇਖ/*ਡਾ. ਹਰਵਿੰਦਰ ਕੌਰ ਢਿੱਲੋਂ/70*
  - ਪੰਜਾਬੀ ਅਖਾਣਾਂ ਵਿੱਚ ਜਾਤ-ਪ੍ਰਬੰਧ : ਸਮਾਜ-ਸ਼ਾਸਤਰੀ ਅਧਿਐਨ/*ਪ੍ਰੋ. ਗੁਰਸ਼ਰਨ ਸਿੰਘ/76*
  - ਸਵਰਾਜਬੀਰ ਦੇ ਨਾਟਕ—ਇਕ ਅਧਿਐਨ/*ਦਿਸ਼ਪ੍ਰੀਤ ਕੌਰ/87*
  - ਪ੍ਰਗਤੀਵਾਦੀ ਪੰਜਾਬੀ ਨਾਟਕ : ਪੁਨਰ-ਮੁਲਾਂਕਣ/*ਡਾ. ਸੁਖਵੀਰ ਕੌਰ ਸੁਖਨ/96*
- ਸਫਰਨਾਮਾ
  - ਸ੍ਰੀ ਹਜ਼ੂਰ ਸਾਹਿਬ ਨੰਦੇੜ/*ਡਾ. ਜਸਬੀਰ ਸਿੰਘ ਸਰਨਾ/108*
- ਵਿਅੰਗ
  - ਸਨਮਾਨ ਜ਼ਰੂਰੀ ਹੈ/*ਫ਼ਕੀਰ ਚੰਦ ਸ਼ੁਕਲਾ/118*
- ਕਹਾਣੀਆਂ
  - ਅਤੀਤ ਦੇ ਪਰਛਾਵੇਂ/*ਦੀਦਾਰ ਸਿੰਘ/123*
  - ਮਨ ਅਤੇ ਮਰਿਯਾਦਾ/*ਡਾ. ਸ਼ਾਨ ਕਸ਼ਮੀਰੀ (ਡੀ. ਲਿਟ.)/129*
  - "ਚਕਰ"/*ਪ੍ਰੋ. ਤ੍ਰਿਲੋਕ ਸਿੰਘ/133*
  - ਸਨਮਾਨ/*ਦੇਵਿੰਦਰ ਸਿੰਘ ਧੰਜਲ/136*
- ਕਾਵਿ-ਰੂਪ
  - ਦਰਦਾਂ ਦੇ ਮਾਰੇ, ਨਾਗਾਂ ਦੀ ਬਸਤੀ/*ਦਲੀਪ ਸਿੰਘ ਦੀਪਕ/140*
  - ਰਿਸ਼ਤੇ/*ਡਾ. ਮਨਦੀਪ ਕੌਰ/142*
  - ਟੱਪੇ/*ਮਨਮੋਹਣ 'ਪੰਛੀ'/143*
  - ਹਾਇਕੂ/*ਨਿਰਮਲ ਵਿਨੋਦ/144*
  - ਰੁਬਾਈ/*ਪਿਆਰਾ ਸਿੰਘ 'ਧੰਜਲ'/145*
  - ਮਾਵਾਂ ਠੰਡੀਆਂ ਛਾਵਾਂ/*ਗੁਰਦੇਵ ਸਿੰਘ 'ਦੇਵ'/147*
- ਬਾਲ ਸਾਹਿਤ
  - ਕੌਮੀ ਝੰਡਾ, ਦੋ ਦਾ ਪਹਾੜਾ/*ਕੀਰਤ ਸਿੰਘ ਇਨਕਲਾਬੀ/149*
  - ਡੱਡੂ ਦਾ ਮੋਬਾਇਲ/*ਡਾ. ਦਰਸ਼ਨ ਸਿੰਘ 'ਆਸ਼ਟ'/151*
  - ਫੁੱਲਾਂ ਦੀ ਕਿਆਰੀ/*ਸ਼ੀਸ਼ਪਾਲ ਸਿੰਘ ਮਾਣਕਪੁਰੀ/152*
- ਅਨੁਵਾਦ
  - ਜ਼ੁਬਾਨ ਦਾ ਕਤਲ/*ਅਸ਼ਰਫ ਸੁਹੇਲ, ਅਨੁਵਾਦ : ਰਾਜਵੰਤ ਕੌਰ ਪੰਜਾਬੀ/153*
- ਨਵੀਂ ਕਲਮ
  - ਥਿੰਤੀ ਭਗਤ ਕਬੀਰ ਜੀਉ ਕੀ : ਪਾਠ-ਵਿਸ਼ਲੇਸ਼ਣਾਤਮਕ ਅਧਿਅਨ/*ਸੁਖਮਨਪ੍ਰੀਤ ਕੌਰ ਅਤੇ ਡਾ. ਗਮਨਪ੍ਰੀਤ ਕੌਰ/157*
  - ਉੱਤਰ ਆਧੁਨਿਕ ਕਵਿਤਾ : ਰੂਪਕ ਬਦਲਾਅ/*ਹਰਜਿੰਦਰ ਸਿੰਘ ਲਾਡਵਾ/170*
  - "ਸਮਕਾਲੀ ਸਮਾਜ ਵਿੱਚ ਔਰਤ ਦੀ ਸਥਿਤੀ 'ਚੰਨੋ ਬਾਜ਼ੀਗਰਨੀ' ਦੇ ਨਾਟਕ ਦੇ ਅਧਾਰ ਤੇ"/*ਬਲਜੀਤ ਕੌਰ/177*

# ਗੁਰਸੇਵਕ ਲੰਬੀ ਦੀ ਵਾਰਤਕ : ਸਮਾਜ-ਸਭਿਆਚਾਰਕ ਸਰੋਕਾਰ

❑ ਡਾ. ਹਰਜਿੰਦਰ ਸਿੰਘ

ਸਮਕਾਲੀ ਪੰਜਾਬੀ ਸਾਹਿਤ-ਜਗਤ ਵਿਚ ਵਾਰਤਕ ਅਜਿਹੀ ਕਲਾਤਮਿਕ ਵਿਧਾ ਵਜੋਂ ਦ੍ਰਿਸ਼ਟੀਗੋਚਰ ਹੁੰਦੀ ਹੈ, ਜਿਹੜੀ ਅਤਿ-ਆਧੁਨਿਕ ਗਿਆਨ-ਵਿਗਿਆਨ ਦੇ ਬਿਜਲਈ ਸੰਚਾਰ ਸਾਧਨਾਂ ਦੁਆਰਾ ਨਿਰਮਤ ਸਮਾਜ-ਸਭਿਆਚਾਰਕ ਜੀਵਨ-ਯਥਾਰਥ ਨੂੰ ਜ਼ਮੀਨੀ ਪੱਧਰ ਤੋਂ ਸਮਝਣ/ਸਮਝਾਉਣ ਦਾ ਯਤਨ ਕਰਦੀ ਹੈ। ਇਸ ਸਾਹਿਤਕ ਵਿਧਾ ਦੀ ਵਿਲੱਖਣਤਾ ਇਹ ਹੈ ਕਿ ਇਸ ਵਿਚ ਲੇਖਕ, ਪਾਠਕ-ਜਗਤ ਨੂੰ ਸਿੱਧਾ ਸੰਬੋਧਿਤ ਹੁੰਦਾ ਹੈ ਜਿਸ ਕਾਰਨ 'ਅਰਥ-ਸੰਚਾਰ ਅਤੇ ਸੰਚਾਰ-ਜੁਗਤਾਂ ਦੀ ਅਹਿਮੀਅਤ ਬਣੀ ਰਹਿੰਦੀ ਹੈ। ਵਾਰਤਕ ਦਾ ਸੰਗੀਤ, ਵਿਚਾਰਾਂ ਦਾ ਸੰਗੀਤ ਹੁੰਦਾ ਹੈ ਜੋ ਕ੍ਰਮਿਕਤਾ, ਵਿਵਸਥਾ ਅਤੇ ਭਾਸ਼ਕ ਜੁਗਤਾਂ ਆਦਿ ਦੇ ਸਮੁੱਚੇ ਸੰਗਠਨ ਉਤੇ ਆਧਾਰਿਤ ਹੈ।'[1] ਇਸੇ ਕਾਰਨ ਵਾਰਤਕ ਪਾਠਕ-ਜਗਤ ਦੀ ਭਾਵੁਕ ਤ੍ਰਿਪਤੀ ਦੇ ਨਾਲ-ਨਾਲ ਉਸ ਦਾ ਬੌਧਿਕ ਵਿਕਾਸ ਵੀ ਕਰਦੀ ਹੈ। 'ਵਾਰਤਕ' ਸ਼ਬਦ ਦੇ ਕੋਸ਼ਗਤ ਅਰਥਾਂ 'ਤੇ ਨਜ਼ਰਸਾਨੀ ਕਰੀਏ ਤਾਂ ਵਾਰਤਾ ਜਾਂ ਦਲੀਲ ਇਸ ਦੇ ਆਧਾਰ ਬਣਦੇ ਹਨ ਪਰੰਤੂ ਹਰ ਕਿਸਮ ਦੀ ਵਾਰਤਾ ਜਾਂ ਦਲੀਲ ਨੂੰ 'ਵਾਰਤਕ' ਨਹੀਂ ਕਿਹਾ ਜਾ ਸਕਦਾ। 'ਵਾਰਤਕ' ਵਿਚ ਉਹ ਕ੍ਰਿਤਾਂ ਤੇ ਲੇਖ ਸ਼ਾਮਿਲ ਹੁੰਦੇ ਹਨ ਜਿਨ੍ਹਾਂ ਵਿਚ ਮਨੁੱਖੀ ਸਮਾਜ ਦੀਆਂ ਵਿਆਪਕ ਕਦਰਾਂ-ਕੀਮਤਾਂ ਅਤੇ ਅਚਾਰ-ਵਿਹਾਰਾ ਦਾ ਵਿਸ਼ਲੇਸ਼ਣ ਵਿਧੀਵਤ ਢੰਗ ਨਾਲ ਕੀਤਾ ਗਿਆ ਹੁੰਦਾ ਹੈ। ਕੇਵਲ ਵਿਸ਼ਲੇਸ਼ਣ ਹੀ ਨਹੀਂ ਕੀਤਾ ਗਿਆ ਹੁੰਦਾ ਸਗੋਂ ਇਹਨਾਂ ਦਾ ਮੁਲਾਂਕਣ ਵੀ ਪ੍ਰਸਤੁਤ ਕੀਤਾ ਗਿਆ ਹੁੰਦਾ ਹੈ।'[2] ਵਿਸ਼ਲੇਸ਼ਣ ਜਿਥੇ ਪਾਠਕ-ਜਗਤ ਦੀ ਭਾਵੁਕ ਤ੍ਰਿਪਤੀ ਕਰਦਾ ਹੈ ਉੱਥੇ ਮੁਲਾਂਕਣ ਉਸ ਦੀ ਬੌਧਿਕਤਾ ਨੂੰ ਤੀਖਣ ਕਰਦਾ ਹੈ। ਜ਼ਾਹਿਰ ਹੈ, 'ਵਾਰਤਕ' ਕੋਈ ਰੁੱਖਾ ਵਿਸ਼ਾ ਨਹੀਂ, ਭਾਵੇਂ ਇਸ ਵਿਚ ਤਰਕ ਤੇ ਦਲੀਲ ਪ੍ਰਧਾਨ ਹੁੰਦੀ ਹੈ ਫਿਰ ਵੀ ਨਿਜਤਵ, ਹਲਕੇ ਤੇ ਨਿਮ੍ਹੇ ਜਿਹੇ ਹਾਸ-ਰਸ ਦੀ ਪਾਹ ਅਤੇ ਸਰਲ ਜਿਹੇ ਢੰਗ ਨਾਲ ਸਮਾਜ ਅਥਵਾ ਰਾਜ ਦੀ ਆਲੋਚਨਾ ਕਰ ਜਾਣਾ, ਅਜਿਹੇ ਤੱਤ ਹਨ ਜਿਨਾਂ ਨੇ ਪਾਠਕਾਂ ਵਿਚ ਇਸ ਖੁਸ਼ਕ ਜਾਪਦੇ ਰੂਪ ਨੂੰ ਲੋਕ-ਪ੍ਰਿਯ ਬਣਾਉਣ ਵਿਚ ਵੱਡਾ ਯੋਗਦਾਨ ਪਾਇਆ।'[3] ਅਜਿਹੇ ਤੱਤਾਂ ਜ਼ਰੀਏ ਸਮਾਜ-ਸਭਿਆਚਾਰਕ ਜੀਵਨ-ਯਥਾਰਥ ਦੀ ਪੁਨਰ-ਸਿਰਜਣਾ ਦੀ ਅਕਾਂਖਿਆ ਵਿਚੋਂ ਹੀ ਗੁਰਸੇਵਕ ਲੰਬੀ ਦੀ ਵਾਰਤਕ ਨਾ-ਕੇਵਲ ਆਪਣੀ ਹੋਂਦ ਗ੍ਰਹਿਣ ਕਰਦੀ ਹੈ ਸਗੋਂ ਬੌਧਿਕ ਤੇ ਕਲਾਤਮਿਕ ਵਿਵੇਕ ਵੀ ਸਿਰਜਦੀ ਹੈ।

ਇਸ ਅਲੋਚਨਾ ਪਰਚੇ ਦਾ ਆਧਾਰ ਬਣੀ ਗੁਰਸੇਵਕ ਲੰਬੀ ਦੀ ਵਾਰਤਕ ਵਿਚ ਇਕ ਮੌਲਿਕ ਪੁਸਤਕ 'ਦਿਲ ਦਿਮਾਗ ਦੀ ਵਾਰਤਾ' ਅਤੇ ਵੱਖ-ਵੱਖ ਅਖਬਾਰਾਂ, ਮੈਗਜ਼ੀਨਾਂ ਵਿਚ

* *ਅਸਿਸਟੈਂਟ ਪ੍ਰੋਫ਼ੈਸਰ, ਪੰਜਾਬੀ ਅਤੇ ਡੋਗਰੀ ਵਿਭਾਗ, ਹਿਮਾਚਲ ਪ੍ਰਦੇਸ਼ ਕੇਂਦਰੀ ਯੂਨੀਵਰਸਿਟੀ, ਧਰਮਸ਼ਾਲਾ (ਕਾਂਗੜਾ), ਮੋਬਾ: 94638-35412, ਈ-ਮੇਲ : hjsgcm1980@gmail.com*

ਛਪੇ ਨਿਬੰਧ/ ਲੇਖ ਸ਼ਾਮਿਲ ਹਨ। ਗੁਰਸੇਵਕ ਲੰਬੀ ਦੀ ਵਾਰਤਕ ਸਮਾਜ-ਸਭਿਆਚਾਰਕ ਪਸਾਰਾਂ ਨੂੰ ਵਿਭਿੰਨ ਕੋਣਾਂ ਤੋਂ ਨਾ-ਕੇਵਲ ਪੇਸ਼ ਕਰਦੀ ਹੈ ਸਗੋਂ ਇਨ੍ਹਾਂ ਵਿਚ ਸਿਫ਼ਤੀ ਤਬਦੀਲੀ ਲਈ ਪਾਠਕ-ਜਗਤ ਵਿਚ ਨਵੀਂ ਚੇਤਨਾ ਵੀ ਪੈਦਾ ਕਰਦੀ ਹੈ। ਇਸ ਚੇਤਨਾ ਨੂੰ ਜੁੰਬਸ਼ ਦੇਣ ਵਾਲਾ ਜੀਵਨ-ਸੰਘਰਸ਼ ਅਤੇ ਸਿਰੜ ਇਸ ਵਾਰਤਕ ਦੇ ਆਰ-ਪਾਰ ਫ਼ੈਲਿਆ ਹੋਇਆ ਹੈ। ਨਿੱਜੀ ਜੀਵਨ-ਸੰਘਰਸ਼ ਨੂੰ ਸਮੂਹਿਕ ਜੀਵਨ-ਸੰਘਰਸ਼ ਦਾ ਸਿਰਜਕ ਬਣਾਉਣ ਦੀ ਅਕਾਂਖਿਆ ਤਹਿਤ ਲੇਖਕ ਜੀਵਨ ਵਿਚ ਵਾਪਰੇ ਅਤੇ ਅਨੁਭਵ ਕੀਤੇ ਵਸਤੂ-ਯਥਾਰਥ ਦੀ ਪੁਨਰ-ਸਿਰਜਣਾ ਕਰਦਾ ਹੈ। ਇਸ ਪੁਨਰ-ਸਿਰਜਣਾ ਦੇ ਕਲਾਤਮਿਕ ਅਮਲ ਵਿਚੋਂ ਹੋਂਦ ਵਿਚ ਆਈ ਵਾਰਤਕ ਜਿਥੇ ਪਾਠਕ ਦੀ ਸੁਹਜਾਤਮਿਕ ਤ੍ਰਿਪਤੀ ਦਾ ਵਸੀਲਾ ਬਣਦੀ ਹੈ ਉਥੇ ਸਮਾਜ-ਸਭਿਆਚਾਰਕ ਜੀਵਨ-ਯਥਾਰਥ ਨੂੰ ਸਮਝਣ/ਸਮਝਾਉਣ ਲਈ ਗਿਆਨਆਧਾਰਿਤ ਨੁਕਤਿਆਂ ਤੋਂ ਗੰਭੀਰ ਬਹਿਸ ਵੀ ਛੇੜਦੀ ਹੈ। ਇਸ ਪ੍ਰਸੰਗ ਵਿਚ ਨਰਿੰਦਰ ਸਿੰਘ ਕਪੂਰ ਦੀ ਧਾਰਨਾ ਹੈ:

> ਉਸ (ਗੁਰਸੇਵਕ ਲੰਬੀ) ਦੇ ਵਿਸ਼ੇ ਸੱਜਰੇ ਵੀ ਹਨ ਅਤੇ ਮੌਲਿਕ ਵੀ। ਉਸ ਕੋਲ ਕਹਿਣ-ਲਿਖਣ ਲਈ ਨਿਵੇਕਲੀਆਂ ਗੱਲਾਂ ਵੀ ਹਨ, ਉਨ੍ਹਾਂ ਨੂੰ ਪ੍ਰਗਟਾਉਣ ਲਈ ਭਾਸ਼ਾਈ ਜੁਗਤਾਂ ਅਤੇ ਸ਼ੈਲੀਕਾਰ ਵਾਲੀ ਸਮਰੱਥਾ ਵੀ ਹੈ। ਉਸ ਦੇ ਨਿਜੀ ਅਨੁਭਵਾਂ ਵਾਲੇ ਲੇਖ ਪ੍ਰੇਰਨਾਦਾਇਕ ਤਾਂ ਹਨ ਹੀ ਇਹ ਪਾਠਕ ਨੂੰ ਕੰਪਿਊਟਰ-ਤਕਨਾਲੋਜੀ ਅਤੇ ਵਿਸ਼ਵੀਕਰਣ ਦੇ ਪ੍ਰਭਾਵਾਂ ਅਧੀਨ ਬਦਲ ਰਹੇ ਯਥਾਰਥ ਦੇ ਸਨਮੁਖ ਵੀ ਕਰਦੇ ਹਨ। ਉਹ ਦਿਮਾਗ ਨਾਲ ਸੋਚਦਾ ਅਤੇ ਦਿਲ ਨਾਲ ਬਿਆਨਦਾ ਹੈ। ਉਸ ਦੇ ਇਹ ਦੋਵੇਂ ਗੁਣ-ਲੱਛਣ ਇਕ-ਦੂਜੇ ਨੂੰ ਤਾਲ ਦਿੰਦੇ ਹਨ। ਉਸ ਦੀ ਬੁਧ-ਵਿਵੇਕ ਵਾਲੀ ਵਾਰਤਕ ਅਕਸਰ ਕਾਵਿਕ ਹੋਣ ਕਾਰਨ, ਸੁਹਜਾਤਮਕ ਤ੍ਰਿਪਤੀ ਵੀ ਪ੍ਰਦਾਨ ਕਰਦੀ ਹੈ ਅਤੇ ਇਹ ਪਾਠਕ ਨੂੰ ਨਾ ਕੇਵਲ ਜੀਵਨ ਦੇ ਸੂਖਮ ਅਨੁਭਵਾਂ ਨਾਲ ਜੋੜਦੀ ਹੈ ਸਗੋਂ ਉਸ ਵਿਚ ਜ਼ਿੰਦਗੀ ਦੀਆਂ ਨਵੀਆਂ ਵੰਗਾਰਾਂ ਨਾਲ ਬਰ-ਮੇਚਣ ਦਾ ਸਾਹਸ ਅਤੇ ਸਵੈ-ਵਿਸ਼ਵਾਸ ਵੀ ਉਪਜਾਉਂਦੀ ਹੈ।[4]

ਇਉਂ ਗੁਰਸੇਵਕ ਲੰਬੀ ਦੀ ਵਾਰਤਕ ਸਮਾਜ-ਸਭਿਆਚਾਰਕ ਜੀਵਨ-ਯਥਾਰਥ ਦਾ ਵਿਭਿੰਨ ਪਰਿਪੇਖਾਂ ਤੋਂ ਅਧਿਐਨ/ਵਿਸ਼ਲੇਸ਼ਣ ਕਰਨ ਹਿਤ ਨਾ-ਕੇਵਲ ਵਿਸ਼ਿਆਂ ਦੀ ਵਿਵਿਧਤਾ ਨੂੰ ਅੰਗੀਕਾਰ ਕਰਦੀ ਹੈ ਸਗੋਂ ਉਨ੍ਹਾਂ ਦੀ ਸੁਹਜਾਤਮਿਕ ਪੇਸ਼ਕਾਰੀ ਲਈ ਕਲਾਤਮਿਕ ਜੁਗਤਾਂ ਦੀ ਧਾਰਣੀ ਵੀ ਬਣਦੀ ਹੈ। ਲੇਖਕ ਨੇ ਆਪਣੇ ਜੀਵਨਅਨੁਭਵਾਂ, ਤਜ਼ਰਬਿਆਂ, ਅਹਿਸਾਸਾਂ, ਮਨੋਭਾਵਾਂ, ਸੋਚਾਂ ਆਦਿ ਨੂੰ ਅਭਿਵਿਅਕਤੀ ਦੇਣ ਲਈ ਵਾਰਤਕ ਦੇ 'ਨਿਬੰਧ' ਰੂਪਾਕਾਰ ਨੂੰ ਮਾਧਿਅਮ ਵਜੋਂ ਚੁਣਿਆ ਹੈ। 'ਨਿਬੰਧ ਕਿਸੇ ਘਟਨਾ, ਵਸਤੂ, ਵਿਅਕਤੀ ਜਾਂ ਸਿਧਾਂਤ ਬਾਰੇ ਆਪਣੇ ਵਿਚਾਰਾਂ ਨੂੰ ਨਿਜੀ ਢੰਗ ਨਾਲ ਲੜੀਬਧ ਕਰਨ ਦਾ ਨਾਉਂ ਹੈ। ਅਸਲ ਵਿਚ ਨਿਬੰਧ ਉਸ ਵਾਰਤਕ ਰਚਨਾ ਨੂੰ ਕਿਹਾ ਜਾ ਸਕਦਾ ਹੈ ਜਿਸ ਵਿਚ ਕਿਸੇ ਵਿਸ਼ੇ 'ਤੇ ਵਿਸਤਾਰਪੂਰਵਕ ਗੰਭੀਰ ਵਿਚਾਰ ਨਿਜੀ ਸ਼ੈਲੀ ਵਿਚ ਕੀਤੀ ਗਈ ਹੋਵੇ। ... ਨਿਬੰਧ ਵਾਰਤਕ ਦਾ ਉੱਤਮ ਤੇ ਉਚਤਮ ਨਮੂਨਾ ਹੁੰਦਾ ਹੈ। ਬੁੱਧੀ ਤੇ ਵਿਚਾਰ ਦੀ ਪ੍ਰਧਾਨਤਾ ਕਾਰਨ ਹੀ ਇਸ ਦੀ ਵਡਿਆਈ ਸ੍ਰੇਸ਼ਟਤਾ ਮੰਨੀ ਜਾਂਦੀ ਹੈ।'[5] ਇਹੀ ਕਾਰਨ ਹੈ ਕਿ ਲੇਖਕ ਆਪਣੇ ਅਨੁਭਵਾਂ ਨੂੰ ਸ਼ਬਦਾਂ ਰਾਹੀਂ ਪ੍ਰਸਤੁਤ ਕਰਨ ਲਈ ਨਿਬੰਧ ਰੂਪਾਕਾਰ ਨੂੰ ਮਾਧਿਅਮ ਵਜੋਂ ਵਰਤਦਾ ਹੈ। ਅਸਲ ਵਿਚ ਨਿਬੰਧ ਵਾਰਤਕ ਰੂਪਾਕਾਰਾਂ ਵਿਚ ਸ਼ੁੱਧ ਵਾਰਤਕ ਰੂਪਾਕਾਰ ਵਜੋਂ ਦ੍ਰਿਸ਼ਟੀਗੋਚਰ ਹੁੰਦਾ ਹੈ। ਇਹ ਛੋਟੇ ਆਕਾਰ ਦਾ ਵਾਰਤਕ ਰੂਪਾਕਾਰ ਹੈ, ਜੋ ਸੰਖੇਪਤਾ ਸਹਿਤ ਲੜੀਵਾਰ ਰੂਪ ਵਿਚ ਵੱਧ ਤੋਂ ਵੱਧ

ਭਾਵਾਂ ਅਤੇ ਵਿਚਾਰਾਂ ਨੂੰ ਪੇਸ਼ ਕਰਨ ਦੀ ਸਮਰੱਥਾ ਰੱਖਦਾ ਹੈ। ਲੇਖਕ ਨੇ ਇਸ ਰੂਪਾਕਾਰ ਦੀ ਸਮਰੱਥਾ ਨੂੰ ਹੋਰ ਵਸੀਹ ਕਰਨ ਦੇ ਯਤਨ ਹਿਤ ਵਿਸ਼ਿਆਂ ਦੀ ਵਿਵਿਧਤਾ ਨੂੰ ਨਾ-ਕੇਵਲ ਚੁਣਿਆ ਹੈ ਸਗੋਂ ਉਨਾਂ ਦਾ ਨਿਭਾਅ ਵੀ ਕਲਾਤਮਿਕ ਦ੍ਰਿਸ਼ਟੀ ਤੋਂ ਕੀਤਾ ਹੈ।

ਪੰਜਾਬੀ ਵਾਰਤਕ-ਜਗਤ ਵਿਚ ਨਿਬੰਧ ਅੰਗਰੇਜ਼ੀ ਸਾਹਿਤ ਦੇ ਪ੍ਰਭਾਵ ਤਹਿਤ ਪ੍ਰਵੇਸ਼ ਕਰਦਾ ਹੈ ਅਤੇ ਪੰਜਾਬੀ ਭਾਸ਼ਾ ਦੇ ਆਧੁਨਿਕ ਨਿਬੰਧਕਾਰਾਂ ਦੀ ਮੌਲਿਕਤਾ ਅਤੇ ਸਿਰਜਨਾਤਮਿਕਤਾ ਦੇ ਬਲਬੂਤੇ ਨਿਰੰਤਰ ਵਿਕਾਸ ਕਰਦਾ ਹੈ। ਮੁਢਲੇ ਦੌਰ ਦਾ ਪੰਜਾਬੀ ਨਿਬੰਧ ਸਦਾਚਾਰ ਤੇ ਧਾਰਮਿਕ ਸਰੋਕਾਰਾਂ ਨਾਲ ਹੀ ਵਾਬਿਸਤਾ ਰਹਿੰਦਾ ਹੈ ਪਰੰਤੂ ਸਮਕਾਲੀ ਦੌਰ ਵਿਚ ਵਿਸ਼ਵੀਕਰਨ ਦੇ ਵਰਤਾਰੇ ਤਹਿਤ ਪੈਦਾ ਹੋਏ ਉਤਰ-ਬਸਤੀਵਾਦੀ ਆਰਥਿਕ-ਮਾਡਲ ਦੀਆਂ ਅਲਾਮਤਾਂ ਜਿਉਂ-ਜਿਉਂ ਸਮਾਜ ਸਭਿਆਚਾਰਕ ਜੀਵਨ-ਯਥਾਰਥ ਨੂੰ ਪ੍ਰਭਾਵਿਤ ਕਰ ਰਹੀਆਂ ਹਨ ਤਿਉਂ-ਤਿਉਂ ਗਿਆਨ-ਵਿਗਿਆਨ ਆਧਾਰਿਤ ਨਿਬੰਧ ਅਗਰਭੂਮਿਤ ਹੋ ਰਹੇ ਹਨ। ਵਿਸ਼ਵ ਪੱਧਰ 'ਤੇ ਪੂੰਜੀਵਾਦੀ ਵਰਤਾਰੇ ਤਹਿਤ ਵਾਪਰ ਰਹੀਆਂ ਵੱਡੀਆਂ ਤਬਦੀਲੀਆਂ ਦੇ ਪ੍ਰਤਿਫ਼ਲ ਵਜੋਂ ਬਦਲਦੇ ਸਮਾਜ-ਸਭਿਆਚਾਰਕ ਜੀਵਨ-ਯਥਾਰਥ ਦੀਆਂ ਗੁੰਝਲਾਂ ਨੂੰ ਗੁਰਸੇਵਕ ਲੰਬੀ ਦੇ ਨਿਬੰਧ ਸਮੱਗਰ ਰੂਪ ਵਿਚ ਪੇਸ਼ ਕਰਦੇ ਹਨ। ਇਨ੍ਹਾਂ ਨਿਬੰਧਾਂ ਨੂੰ ਮੋਟੇ ਤੌਰ 'ਤੇ ਦੋ ਵਰਗਾਂ ਵਿਚ ਨਿਖੇੜ ਕੇ ਵਧੇਰੇ ਸਪਸ਼ਟਤਾ ਨਾਲ ਸਮਝਣ ਲਈ ਲੇਖਕ ਵਲੋਂ ਪ੍ਰਸਤੁਤ ਕੀਤੀ ਉਸ ਧਾਰਨਾ ਨੂੰ ਆਧਾਰ ਵਜੋਂ ਵਰਤਿਆ ਜਾ ਸਕਦਾ ਹੈ ਜੋ 'ਦਿਲ ਦਿਮਾਗ ਦੀ ਵਾਰਤਾ' ਪੁਸਤਕ ਦੇ ਸਿਰਲੇਖ ਨੂੰ ਵੀ ਸਪਸ਼ਟ ਕਰਦੀ ਹੈ :

> 'ਮੇਰੇ ਵੱਲੋਂ ਲਿਖੇ ਲੇਖਾਂ ਦੇ ਦੋ ਖ਼ਾਸੇ ਬਣ ਗਏ। ਇਕ ਉਹ ਲੇਖ ਜੋ ਮੇਰੇ ਨਿਜੀ-ਅਨੁਭਵ ਵਿਚੋਂ ਨਿਕਲੇ ਤੇ ਦੂਸਰੇ ਉਹ ਲੇਖ ਜੋ ਮੇਰੇ ਵਿਦਿਅਕ ਅਨੁਭਵ ਵਿਚੋਂ ਨਿਕਲੇ ਹਨ। ਸਿੱਧਾ ਭਾਵ ਇਹ ਹੈ ਕਿ ਕੁਝ ਲੇਖ ਮੈਂ 'ਦਿਲ' ਨਾਲ ਤੇ ਕੁਝ ਲੇਖ ਮੈਂ 'ਦਿਮਾਗ' ਨਾਲ ਲਿਖੇ ਹਨ। ਇਉਂ ਮੇਰੀ ਇਹ ਪੁਸਤਕ ਮੇਰੇ ਦਿਲ ਅਤੇ ਮੇਰੇ ਦਿਮਾਗ ਦੀ ਸਾਂਝੀ ਬਾਤ ਪਾਉਂਦੀ ਹੈ। ਇਸ ਪੁਸਤਕ ਦਾ ਸਿਰਲੇਖ 'ਦਿਲ ਦਿਮਾਗ ਦੀ ਵਾਰਤਾ' ਮੇਰੀ ਇਸੇ ਭਾਵਨਾ ਦਾ ਪ੍ਰਗਟਾਵਾ ਹੈ।'[6]

ਸਪਸ਼ਟ ਹੈ, ਲੇਖਕ ਆਪਣੀ ਵਾਰਤਕ ਰਾਹੀਂ ਜਿਥੇ ਪਾਠਕ ਦੀ ਸੁਹਜਾਤਮਿਕ ਤ੍ਰਿਪਤੀ ਕਰਦਾ ਹੈ। ਉਥੇ ਉਸ ਦੇ ਬੌਧਿਕ ਵਿਕਾਸ ਦਾ ਪੈਂਤੜਾ ਵੀ ਅਖਤਿਆਰ ਕਰਦਾ ਹੈ। ਇਹੀ ਕਾਰਨ ਹੈ ਕਿ ਨਿਬੰਧ ਚਾਹੇ ਦਿਲ ਨਾਲ ਲਿਖੇ ਗਏ ਹੋਣ ਤੇ ਚਾਹੇ ਦਿਮਾਗ ਨਾਲ ਲਿਖੇ ਗਏ ਹੋਣ, ਇਨ੍ਹਾਂ ਦਾ ਕੇਂਦਰੀ ਸੂਤਰ ਜੀਵਨ-ਸੰਘਰਸ਼ ਤੇ ਸਿਰੜ ਹੀ ਬਣਿਆ ਰਹਿੰਦਾ ਹੈ। ਇਹ ਜੀਵਨ-ਸੰਘਰਸ਼ ਤੇ ਸਿਰੜ ਨਾ-ਕੇਵਲ ਸਫ਼ਲਤਾ ਦਾ ਆਧਾਰ ਬਣਦਾ ਹੈ ਸਗੋਂ ਸਮਾਜ-ਸਭਿਆਚਾਰਕ ਪ੍ਰਵੇਸ਼ ਵਿਚ ਹਰ ਪੱਧਰ ਦੀ ਬਰਾਬਰਤਾ ਲਈ ਸੁਪਨਾ ਵੀ ਸਿਰਜਦਾ ਹੈ। ਇਸ ਪ੍ਰਸੰਗ ਵਿਚ ਡਾ. ਸਤੀਸ਼ ਕੁਮਾਰ ਵਰਮਾ ਦੀ ਧਾਰਨਾ ਹੈ ਕਿ ਗੁਰਸੇਵਕ ਦੀ 'ਦਿਲ ਦਿਮਾਗ ਦੀ ਵਾਰਤਾ' ਅਸਲ ਵਿਚ ਉਸ ਸਮਾਜ ਦੀ ਸਿਰਜਨਾ ਦਾ ਸੁਪਨਾ ਹੈ ਜਿਸ ਵਿਚ ਫੈਸਲੇ 'ਦਿਲ-ਓ-ਦਿਮਾਗ' ਨਾਲ ਲਏ ਜਾਣ ਭਾਵ ਜਿਸ ਵਿਚ ਨਰ-ਨਾਰੀ ਦੀ ਸਾਂਝੀ ਭਾਗੀਦਾਰੀ ਹੋਵੇ ਅਤੇ ਦਿਲ ਨਾਲ ਸੋਚ ਕੇ ਦਿਮਾਗ ਨਾਲ ਵਿਚਾਰਿਆ ਜਾਵੇ। [7] ਅਜਿਹੇ ਸਮਾਜ-ਸਭਿਆਚਾਰਕ ਚੌਗਿਰਦੇ ਦੀ ਸਿਰਜਣਾ ਲਈ ਲੇਖਕ ਨਾ-ਕੇਵਲ ਸਖ਼ਤ ਮਿਹਨਤ ਤੇ ਇਰਾਦੇ ਦੇ ਧਨੀ ਹੋਣ ਨੂੰ ਤਰਜੀਹ ਦਿੰਦਾ ਹੈ ਸਗੋਂ ਜ਼ਰਜ਼ਰ ਹੋਈ ਆਰਥਿਕਤਾ ਨੂੰ ਵੀ ਪ੍ਰੇਰਨਾ ਦਾ ਸੋਮਾ

ਬਣਾ ਕੇ ਪ੍ਰੋਲੇਤਾਰੀ ਵਰਗ ਦਾ ਮਾਰਗ ਦਰਸ਼ਨ ਕਰਦਾ ਹੈ। ਪ੍ਰੋਲੇਤਾਰੀ ਵਰਗ ਦੀ ਸਮਾਜ-ਸਭਿਆਚਾਰਕ ਬਰਾਬਰੀ ਲਈ ਲੇਖਕ ਜਿਥੇ ਸਿੱਖਿਆ ਨੂੰ ਮੂਲਮੰਤਰ ਵਜੋਂ ਪ੍ਰਸਤੁਤ ਕਰਦਾ ਹੈ ਉਥੇ ਸਮਾਜਿਕ, ਰਾਜਨੀਤਿਕ ਅਤੇ ਪ੍ਰਸ਼ਾਸਨਿਕ ਵਰਤਾਰਿਆਂ ਦੇ ਕੋਹਜ ਨੂੰ ਨੰਗਾ ਕਰਨ ਲਈ ਕਟਾਖਸ਼ ਨੂੰ ਕਲਾਤਮਿਕ ਵਿਧੀ ਵਜੋਂ ਅਪਣਾਉਂਦਾ ਹੈ। ਲੇਖਕ ਦੇ ਨਿਜੀ ਅਨੁਭਵ ਵਿਚੋਂ ਹੋਂਦ ਵਿਚ ਆਏ ਨਿਬੰਧ ਸਮਾਜ-ਸਭਿਆਚਾਰਕ ਵਰਤਾਰਿਆਂ ਜਰੀਏ ਜਿਥੇ ਜੀਵਨ-ਸੰਘਰਸ਼ ਅਤੇ ਦ੍ਰਿੜਤਾ ਦਾ ਵਿਹਾਰਕ ਪ੍ਰਸੰਗ ਸਿਰਜਦੇ ਹਨ ਉਥੇ ਅਕਾਦਮਿਕ ਅਨੁਭਵ ਵਿਚੋਂ ਹੋਂਦ ਵਿਚ ਆਏ ਨਿਬੰਧ ਸਿਧਾਂਤਕ ਸਮਝ ਤਿਆਰ ਕਰਦੇ ਹੋਏ ਇਨ੍ਹਾਂ ਵਰਤਾਰਿਆਂ ਪ੍ਰਤੀ ਲੇਖਕ ਦੇ ਹਾਂ-ਪੱਖੀ ਤੇ ਨਾ-ਪੱਖੀ ਹੁੰਗਾਰਿਆਂ ਨੂੰ ਵੀ ਪ੍ਰਸਤੁਤ ਕਰਦੇ ਹਨ।

'ਅਧਿਆਪਕ ਜੇ ਚਾਹੇ ਤਾਂ...' ਨਿਬੰਧ ਦਾ ਕੇਂਦਰੀ ਸਰੋਕਾਰ ਅਜਿਹੇ ਮਿਹਨਤੀ, ਸਿਰੜੀ ਤੇ ਪਥ-ਪ੍ਰਦਰਸ਼ਕ ਅਧਿਆਪਕ ਵਰਗ ਨਾਲ ਜੁੜਿਆ ਹੋਇਆ ਹੈ। ਅਧਿਆਪਕ ਜੇ ਚਾਹੇ ਤਾਂ ਆਪਣੇ ਵਿਦਿਆਰਥੀਆਂ ਨੂੰ ਐਸੇ ਹੀਰਿਆਂ ਵਾਂਗ ਤਰਾਸ਼ ਸਕਦਾ ਹੈ ਜਿਹੜੇ ਅਨਮੋਲ ਹੋ ਜਾਂਦੇ ਹਨ। 'ਮੁਆਫ ਕਰਨਾ ਬੱਚਿਓ! ਆਪਾਂ ਕੱਲ੍ਹ ਪੜ੍ਹਾਂਗੇ' ਨਿਬੰਧ ਵਿਚ ਪੂੰਜੀਵਾਦੀ ਸਰਕਾਰਾਂ ਦੁਆਰਾ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਉਪਰ ਪਾਏ ਗ਼ੈਰ-ਅਕਾਦਮਿਕ ਕੰਮਾਂ ਦੇ ਬੋਝ ਦੇ ਹਵਾਲੇ ਨਾਲ ਬੱਚਿਆਂ ਦੀ ਪੜ੍ਹਾਈ ਦੇ ਹੁੰਦੇ ਨੁਕਸਾਨ ਨੂੰ ਨਾ-ਕੇਵਲ ਪੇਸ਼ ਕੀਤਾ ਗਿਆ ਹੈ ਸਗੋਂ ਦੋਸ਼ੀ ਧਿਰਾਂ ਦੀ ਨਿਸ਼ਾਨਦੇਹੀ ਵੀ ਕੀਤੀ ਗਈ ਹੈ। ਇਸੇ ਸੰਦਰਭ ਵਿਚੋਂ ਉਪਜੇ ਨਿਬੰਧ 'ਨਾ ਡੇਗੀਏ ਅਧਿਆਪਨ ਦਾ ਮਿਆਰ' ਵਿਚ ਸਿੱਖਿਆ ਦੇ ਹੁੰਦੇ ਵਪਾਰੀਕਰਨ ਅਤੇ ਕਚਘਰੜ ਤੇ ਥੋਕ ਵਿਚ ਬਣਦੇ ਬਹੁਤੇ ਅਧਿਆਪਕਾਂ 'ਤੇ ਜਿਥੇ ਵਿਅੰਗ ਕੀਤਾ ਗਿਆ ਹੈ ਉਥੇ ਇਸ ਵਰਤਾਰੇ ਕਾਰਨ ਹੀ ਸਰਕਾਰੀ ਸਕੂਲਾਂ ਦੀ ਸਿੱਖਿਆ ਵਿਚ ਨਿਘਾਰ ਆਇਆ ਹੈ। 'ਸਾਹਿਤ ਦੀ ਪੂਰਨਮਾਸ਼ੀ' ਨਿਬੰਧ ਸਾਹਿਤ ਪੜ੍ਹਨ ਦੀ ਚੇਟਕ ਤੋਂ ਲੈ ਕੇ ਸਾਹਿਤ ਸਿਰਜਣਾ ਦੇ ਅਮਲ ਦੌਰਾਨ ਜ਼ਿੰਦਗੀ ਦੀਆਂ ਵਿਭਿੰਨ ਪਰਤਾਂ ਨੂੰ ਸਮਝਣ ਦਾ ਵਿਚਾਰਧਾਰਾਈ ਆਧਾਰ ਤਿਆਰ ਕਰਦਾ ਹੈ। 'ਮਾਂ ਬੋਲੀ ਦਾ ਆਸਰਾ' ਨਿਬੰਧ ਮਾਂ-ਬੋਲੀ ਦੀ ਮਹੱਤਤਾ ਅਤੇ ਸ਼ਕਤੀ ਨੂੰ ਪਛਾਨਣ ਦਾ ਸੁਹਿਰਦ ਯਤਨ ਹੈ। 'ਵਿਆਹ ਪ੍ਰਬੰਧ ਤੇ ਪੰਜਾਬੀ ਭਾਸ਼ਾ ਲਈ ਚੁਣੌਤੀਆਂ' ਨਿਬੰਧ ਵਿਚ ਲੇਖਕ ਪੰਜਾਬੀ ਭਾਸ਼ਾ ਨੂੰ ਦਰਪੇਸ਼ ਚੁਣੌਤੀਆਂ ਨੂੰ ਪੂੰਜੀਵਾਦੀ/ਪਦਾਰਥਵਾਦੀ ਸਮਾਜ-ਸਭਿਆਚਾਰਕ ਪ੍ਰਵੇਸ਼ ਵਿਚ ਬਦਲਦੇ ਵਿਆਹ ਪ੍ਰਬੰਧ ਅਤੇ ਬਿਖਰਦੇ ਸਾਂਝੇ ਟੱਬਰਦਾਰੀ ਪ੍ਰਬੰਧ ਦੇ ਪਰਿਪੇਖ ਵਿਚ ਵੇਖਦਾ ਹੈ। ਲੇਖਕ ਦੀ ਧਾਰਨਾ ਹੈ ਕਿ ਅਜੋਕੇ ਵਿਸ਼ਵੀਕਰਨ ਦੇ ਦੌਰ ਵਿਚ ਅਤਿ-ਆਧੁਨਿਕ ਤਕਨੀਕੀ ਸਾਧਨਾਂ ਦੁਆਰਾ ਤੈਅ ਹੁੰਦੇ ਰਿਸ਼ਤੇ-ਨਾਤੇ ਜਿੱਥੇ ਗ਼ੈਰ-ਭਾਸ਼ਾਈ ਪਤੀ-ਪਤਨੀਆਂ ਨੂੰ ਇਕ ਦੂਜੇ ਨਾਲ ਨਰੜ ਕੇ ਪੈਦਾ ਹੋਣ ਵਾਲੇ ਬੱਚਿਆਂ ਲਈ ਭਾਸ਼ਾ ਦੀ ਖਿਚੜੀ ਪੈਦਾ ਕਰ ਰਹੇ ਹਨ ਉਥੇ ਸਾਂਝੇ ਪਰਿਵਾਰ ਟੁੱਟਣ ਕਾਰਨ ਪਰਿਵਾਰਕ ਭਾਸ਼ਾ ਤੇ ਸਭਿਆਚਾਰ ਬੱਚਿਆਂ ਤੱਕ ਸੰਚਾਰਿਤ ਨਹੀਂ ਹੁੰਦੇ ਜਿਸ ਕਾਰਨ ਬੱਚੇ ਆਪਣੀ ਭਾਸ਼ਾ ਅਤੇ ਸਭਿਆਚਾਰ ਤੋਂ ਦੂਰ ਜਾ ਰਹੇ ਹਨ। ਅਜਿਹੀ ਸਥਿਤੀ ਵਿਚ ਪੰਜਾਬੀ ਭਾਸ਼ਾ ਆਪਣਾ ਮੌਲਿਕ ਮੁਹਾਂਦਰਾ ਸੰਭਾਲ ਸਕੇਗੀ ਜਾਂ ਨਹੀਂ ਇਹੀ ਵੱਡੀ ਚੁਣੌਤੀ ਹੈ। ਪੰਜਾਬੀ ਭਾਸ਼ਾ ਅਤੇ ਸਭਿਆਚਾਰ ਨੂੰ ਦਰਪੇਸ਼ ਚੁਣੌਤੀਆਂ ਦੇ ਸੰਦਰਭ ਵਿਚ ਲੇਖਕ ਇਹ ਨੁਕਤਾ ਪੇਸ਼ ਕਰਦਾ ਹੈ ਕਿ ਗ਼ੈਰ-ਭਾਸ਼ਾਈ ਪਤੀਆਂ/ਪਤਨੀਆਂ, ਉਚ ਮੱਧ-ਵਰਗ ਦੀ ਰੀਸ ਅਤੇ ਇਕਹਿਰੇ ਪਰਿਵਾਰਾਂ ਦੇ ਮਹੌਲ ਨੇ ਪੰਜਾਬੀ ਭਾਸ਼ਾ ਦੇ ਸਾਹਮਣੇ ਅਨੇਕ ਸਮੱਸਿਆਵਾਂ ਲਿਆ ਖੜੀਆਂ ਕੀਤੀਆਂ। ਬਦਲਦੇ ਸਮਾਜਿਕ ਮਾਹੌਲ ਅਤੇ ਖ਼ਾਸਕਰ ਬਦਲਦੇ ਵਿਆਹ ਪ੍ਰਬੰਧ ਅਧੀਨ ਮਾਤਭਾਸ਼ਾ ਨੇ ਪ੍ਰਭਾਵਤ ਹੋਣਾ ਹੀ ਹੈ।'[8]

ਸਪਸ਼ਟ ਹੈ, ਲੇਖਕ ਪੰਜਾਬੀ ਭਾਸ਼ਾ ਨੂੰ ਦਰਪੇਸ਼ ਚੁਣੌਤੀਆਂ ਵਿਚੋਂ ਵਿਆਹ-ਪ੍ਰਬੰਧ ਦੇ ਬਦਲਦੇ ਸਰੂਪ ਨੂੰ ਨਾ-ਕੇਵਲ ਇਕ ਚੁਣੌਤੀ ਵਜੋਂ ਸਵਿਕਾਰਦਾ ਹੈ ਸਗੋਂ ਅਜੋਕੇ ਅਤਿ-ਵਿਗਿਆਨਕ ਯੁਗ ਵਿਚ ਨਾ-ਟਲਣ ਯੋਗ ਵਰਤਾਰਾ ਵੀ ਗਰਦਾਨਦਾ ਹੈ। 'ਵੱਢੀ ਬੇਬੇ' ਨਿਬੰਧ ਜਿਥੇ ਪੁਰਾਣੇ ਪੇਂਡੂ ਸਮਾਜ-ਸਭਿਆਚਾਰ ਵਿਚ ਕਿਰਤੀ ਵਰਗ ਦੇ ਔਰਤ-ਮਰਦ ਵੱਲੋਂ ਮੋਢੇ ਨਾਲ ਮੋਢਾ ਲਾ ਕੇ ਆਰਥਿਕਤਾ ਦੀ ਗੱਡੀ ਰੋੜ੍ਹੀ ਰੱਖਣ ਦਾ ਜੀਵਨ-ਯਥਾਰਥ ਪੇਸ਼ ਕਰਦਾ ਹੈ ਉਥੇ ਨਵੀਂ ਪੀੜ੍ਹੀ ਵੱਲੋਂ ਆਪਣੇ ਬਜ਼ੁਰਗ ਮਾਪਿਆਂ ਤੋਂ ਮੁਨਕਰ ਹੋਣ ਦੇ ਵਸਤੂ-ਵੇਰਵਿਆਂ ਨੂੰ ਵੀ ਪ੍ਰਸਤੁਤ ਕਰਦਾ ਹੈ। 'ਆਰਥਿਕਤਾ ਦੀ ਵਿਆਕਰਨ' ਨਿਬੰਧ ਵਿਚ ਤਿੰਨ ਬਿਰਤਾਂਤਕ ਹਵਾਲਿਆਂ ਜ਼ਰੀਏ ਆਰਥਿਕਤਾ ਨੂੰ ਅਜਿਹੇ ਆਧਾਰ ਵਜੋਂ ਪ੍ਰਸਤੁਤ ਕੀਤਾ ਗਿਆ ਹੈ ਜੋ ਬੰਦੇ ਦੀ ਸੋਚ, ਪੱਧਰ, ਦ੍ਰਿਸ਼ਟੀਕੋਣ ਆਦਿ ਨੂੰ ਪ੍ਰਭਾਵਿਤ ਕਰਦਾ ਹੈ। 'ਪੰਜ ਸੌ ਨੱਬੇ ਦੀ ਬਰੈੱਡ' ਨਿਬੰਧ ਪੂੰਜੀਵਾਦੀ ਮਲਟੀਨੈਸ਼ਨਲ ਕੰਪਨੀਆਂ ਦੁਆਰਾ ਖੋਲ੍ਹੇ ਸ਼ਾਪਿੰਗ-ਕੰਪਲੈਕਸਾਂ ਦੀ ਚਕਾਚੌਂਧ ਵਿਚ ਗੁਆਚੇ ਸਮਕਾਲੀ ਬੰਦੇ ਦੇ ਸਮਾਜ-ਸਭਿਆਚਾਰਕ ਸਰੋਕਾਰਾਂ ਨੂੰ ਵਿਭਿੰਨ ਪਰਿਪੇਖਾਂ ਤੋਂ ਪੇਸ਼ ਕਰਦਾ ਹੈ। 'ਇਹ ਚੋਰ ਤਾਂ ਸਾਡੇ ਚਿੱਤ ਚੇਤੇ ਵੀ ਨਹੀਂ ਸਨ' ਨਿਬੰਧ ਰਾਜਨੀਤਿਕ ਤੇ ਪ੍ਰਸ਼ਾਸਨਿਕ ਭ੍ਰਿਸ਼ਟਾਚਾਰ ਫੈਲਾਉਣ ਵਾਲੀਆਂ ਧਿਰਾਂ ਦੀ ਨਿਸ਼ਾਨਦੇਹੀ ਕਰਦਾ ਹੈ। 'ਆਦਮਖਾਣੇ ਬੰਦੇ' ਨਿਬੰਧ ਜਿਥੇ ਭਾਰਤ ਸਮੇਤ ਵਿਸ਼ਵ ਪੱਧਰ 'ਤੇ ਧਰਮ ਦੇ ਨਾਂ 'ਤੇ ਵਾਪਰੀਆਂ ਖ਼ੂਨੀ ਘਟਨਾਵਾਂ ਨੂੰ ਆਦਮਖਾਣੇ ਬੰਦਿਆਂ ਦੀਆਂ ਘਿਨਾਉਣੀਆਂ ਕਰਤੂਤਾਂ ਵਜੋਂ ਪੇਸ਼ ਕਰਦਾ ਹੈ ਉਥੇ 'ਸੰਤਾਲੀ ਦਾ ਦੁੱਖ ਅਤੇ ਅਸੀਂ' ਨਿਬੰਧ 1947 ਵਿਚ ਹੋਈ ਦੇਸ਼ ਵੰਡ ਸਮੇਂ ਧਰਮ ਦੇ ਨਾਂ 'ਤੇ ਵਾਪਰੀਆਂ ਅਣਮਨੁੱਖੀ ਘਟਨਾਵਾਂ ਦੇ ਹਵਾਲੇ ਨਾਲ ਇਤਿਹਾਸ ਤੋਂ ਸਬਕ ਸਿੱਖਣ ਦੀ ਵਕਾਲਤ ਕਰਦਾ ਹੈ ਤਾਂ ਕਿ ਮਨੁੱਖਤਾ ਨੂੰ ਸ਼ਰਮਸਾਰ ਕਰਨ ਵਾਲੀਆਂ ਘਟਨਾਵਾਂ ਦੁਬਾਰਾ ਨਾ ਘਟਣ। ਲੇਖਕ ਦੀ ਧਾਰਨਾ ਹੈ ਕਿ ਇਤਿਹਾਸ ਵਰਤਮਾਨ ਨੂੰ ਦਿਸ਼ਾ ਨਿਰਦੇਸ਼ ਦਿੰਦਾ ਹੈ ਤੇ ਭਵਿੱਖ ਦੀਆਂ ਯੋਜਨਾਵਾਂ 'ਚ ਸਹਾਈ ਹੁੰਦਾ ਹੈ।[9] ਇਸ ਤਰ੍ਹਾਂ ਅਕਾਦਮਿਕ ਅਨੁਭਵ ਵਿਚੋਂ ਹੋਂਦ ਵਿਚ ਆਏ ਨਿਬੰਧ ਵੀ ਸਮਾਜ-ਸਭਿਆਚਾਰਕ ਜੀਵਨ-ਯਥਾਰਥ ਦੀਆਂ ਵਿਭਿੰਨ ਪਰਤਾਂ ਨੂੰ ਅਗਰਭੂਮੀ 'ਤੇ ਲਿਆਉਣ ਵਾਲੇ ਅਤੇ ਜੀਵਨ ਵਿਚ ਸਫ਼ਲਤਾ ਦਾ ਆਧਾਰ ਬਣਨ ਵਾਲੇ ਨੁਕਤਿਆਂ ਨੂੰ ਮਿਥਿਹਾਸਕ ਤੇ ਇਤਿਹਾਸਕ ਹਵਾਲਿਆਂ ਨਾਲ ਪੁਖਤਾ ਕਰਨ ਹਿਤ ਸਿਧਾਂਤਕ ਪਰਿਪੇਖ ਸਿਰਜਦੇ ਹਨ। ਇਨ੍ਹਾਂ ਸਮੁੱਚੇ ਨਿਬੰਧਾਂ ਦੇ ਹਵਾਲੇ ਨਾਲ ਸਮਾਕਾਲੀ ਸਮਾਜ-ਸਭਿਆਚਾਰਕ ਜੀਵਨ-ਯਥਾਰਥ ਨੂੰ ਸਮਝਣ ਦਾ ਯਤਨ ਇਸ ਆਲੋਚਨਾ-ਪਰਚੇ ਦੀ ਪ੍ਰਾਥਮਿਕਤਾ ਹੈ।

ਅਧਿਐਨ ਦਾ ਆਧਾਰ ਬਣੀ ਵਾਰਤਕ ਵਿਚਲਾ ਹਰ ਨਿਬੰਧ ਸਮਾਜ-ਸਭਿਆਚਾਰਕ ਵਰਤਾਰਿਆਂ ਦੀ ਕਿਸੇ ਨਾ ਕਿਸੇ ਪਰਤ ਨੂੰ ਨਾ ਕੇਵਲ ਪੇਸ਼ ਕਰਦਾ ਹੈ ਸਗੋਂ ਦਰਪੇਸ਼ ਜੀਵਨ-ਯਥਾਰਥ ਨੂੰ ਬਦਲਣ ਲਈ ਕੋਈ ਨਾ ਕੋਈ ਨੁਕਤਾ ਵੀ ਸੁਝਾਉਂਦਾ ਹੈ। ਇਨ੍ਹਾਂ ਨਿਬੰਧਾਂ ਦਾ ਕੇਂਦਰੀ ਨੁਕਤਾ ਇਸ ਵਿਚਾਰ ਦੀ ਪਰਿਕਰਮਾ ਕਰਦਾ ਨਜ਼ਰ ਆਉਂਦਾ ਹੈ ਕਿ ਮਨੁੱਖੀ-ਜੀਵਨ ਲਈ ਸਾਜ਼ਗਾਰ ਹਾਲਾਤ ਪੈਦਾ ਕਰਨ ਲਈ ਜਿਥੇ ਮਿਹਨਤ ਤੇ ਲਗਨ ਦੀ ਲੋੜ ਹੁੰਦੀ ਹੈ ਉਥੇ ਮਨੁੱਖ ਦਾ ਸਕਾਰਾਤਮਕ ਸੋਚ ਦਾ ਧਾਰਨੀ ਹੋਣਾ ਵੀ ਲਾਜ਼ਮੀ ਹੁੰਦਾ ਹੈ। ਇਨ੍ਹਾਂ ਨਿਬੰਧਾਂ ਦੀ ਵੱਥ ਵਿਚੋਂ ਲੇਖਕ ਦੀ ਇਹ ਧਾਰਨਾ ਸਪਸ਼ਟ ਨਜ਼ਰ ਆਉਂਦੀ ਹੈ ਕਿ ਮਿਹਨਤ, ਸਿਰੜ ਤੇ ਦ੍ਰਿੜਤਾ ਨਾਲ ਹਰ ਮੰਜ਼ਿਲ 'ਤੇ ਪਹੁੰਚਿਆ ਜਾ ਸਕਦਾ ਹੈ :

> 'ਜਦੋਂ ਸੋਚ ਵਿਚ ਦੀਵੇ ਜਗਦੇ ਹੋਣ ਫਿਰ ਸੂਰਜ ਦੇ ਚੜ੍ਹਨ, ਡੁਬਣ ਦਾ ਕੋਈ ਫ਼ਰਕ ਨਹੀਂ ਪੈਂਦਾ। ਜਦੋਂ ਮੰਜ਼ਿਲ ਨਿਸ਼ਚਿਤ ਕੀਤੀ ਹੁੰਦੀ ਹੈ ਫਿਰ ਰਸਤੇ ਦੇ ਮੀਲ ਪੱਥਰ ਕੌਣ

ਗਿਣਦਾ ਹੈ? ਮੀਲ ਪੱਥਰ ਉਹ ਗਿਣਦੇ ਹਨ ਜੋ ਮਜ਼ਬੂਰੀ ਵਿਚ ਤੁਰਦੇ ਹਨ। ਥਾਂ-ਥਾਂ 'ਤੇ ਦੀਵੇ ਉਹ ਧਰਦੇ ਹਨ ਜਿੰਨ੍ਹਾਂ ਦੇ ਅੰਦਰ ਹਨੇਰਾ ਹੁੰਦਾ ਹੈ।'[10]

ਸਪਸ਼ਟ ਹੈ, ਲੇਖਕ ਸਮਕਾਲੀ ਬੰਦੇ ਦੇ ਸਮਾਜ-ਸਭਿਆਚਾਰਕ ਜੀਵਨ-ਯਥਾਰਥ ਨੂੰ ਤਬਦੀਲ ਕਰਨ ਹਿਤ ਮਨੁੱਖੀ ਚੇਤਨਾ ਨੂੰ ਲਟ-ਲਟ ਬਲਦੀ ਵੇਖਣਾ ਚਾਹੁੰਦਾ ਹੈ। ਚੇਤਨਾ ਦੇ ਪ੍ਰਚੰਡ ਰੂਪ ਧਾਰਨ ਨਾਲ ਹੀ ਹਰ ਪੱਧਰ ਦੀ ਸਮਾਜ-ਸਭਿਆਚਰਕ ਬਰਾਬਰੀ ਦੀ ਆਸ ਬੱਝਦੀ ਹੈ। ਬਰਾਬਰਤਾ ਵਾਲੇ ਸਮਾਜ-ਸਭਿਆਚਾਰਕ ਚੌਗਿਰਦੇ ਵਿਚ ਹੀ ਆਮ ਬੰਦੇ ਦੇ ਜੀਵਨ ਜਿਉਣ ਜੋਗੀਆਂ ਹਾਲਤਾਂ ਪੈਦਾ ਹੋ ਸਕਦੀਆਂ ਹਨ ਪਰੰਤੂ ਸ਼ਰਤ ਹੈ ਕਿ ਬੰਦੇ ਅੰਦਰ ਚਾਨਣ ਹੋਵੇ। ਇਸੇ ਚਾਨਣ ਨੂੰ ਪਾਠਕ ਦੀ ਚੇਤਨਾ ਅੰਦਰ ਬੀਜ਼ਣ ਦਾ ਸੁਚੇਤ ਯਤਨ ਲੇਖਕ ਦੀ ਪ੍ਰਥਮਿਕਤਾ ਵਿਚ ਸ਼ਾਮਿਲ ਹੈ :

'ਜੋ ਹਮੇਸ਼ਾ ਬਹਾਰ ਵਿਚ ਜਿਉਂਦੇ ਨੇ ਉਨ੍ਹਾਂ ਲਈ ਪਤਝੜ ਵੀ ਬਹਾਰ ਹੁੰਦੀ ਹੈ। ਇਹ ਸੱਚ ਹੈ ਕਿ ਰਾਤ ਹਮੇਸ਼ਾ ਨਹੀਂ ਰਹਿੰਦੀ, ਦਿਨ ਦਾ ਚੜ੍ਹਨਾ ਵੀ ਕੁਦਰਤ ਦਾ ਨਿਯਮ ਹੈ। ਗ਼ਮੀ ਕਿਨ੍ਹੇ ਕੁ ਦਿਨਾਂ ਦੀ ਮਹਿਮਾਨ ਹੋ ਸਕਦੀ ਹੈ? ਖੁਸ਼ੀ ਉਸੇ ਦਾ ਬਦਲ ਹੈ। ਅਸਫ਼ਲਤਾ ਵਿਚੋਂ ਹੀ ਸਫ਼ਲਤਾ ਜਨਮ ਲੈਂਦੀ ਹੈ। ...ਤੁਰਨ ਨਾਲ ਹੀ ਰਸਤੇ ਨੇ ਨਿਬੜਨਾ ਹੈ, ਮੰਜ਼ਿਲ ਨੇ ਨਜ਼ਦੀਕ ਹੋਣਾ ਹੈ, ਸਾਡੀ ਪੈੜ ਨੇ ਡੰਡੀ ਬਣਨਾ ਹੈ, ਡੰਡੀ ਨੇ ਫਿਰ ਰਸਤਾ ਬਣਨਾ ਹੈ, ਹੋਰਾਂ ਨੇ ਸਾਡੀ ਉਦਾਹਰਨ ਦੇਣੀ ਹੈ? ਅਸੀਂ ਮਰ ਕੇ ਵੀ ਜਿਉਂਦੇ ਰਹਿਣਾ ਹੈ।'[11]

ਜ਼ਾਹਿਰ ਹੈ, ਲੇਖਕ ਸਕਾਰਾਤਮਕ ਸੋਚ ਨੂੰ ਪਾਠਕ ਦੀ ਚੇਤਨਾ ਦਾ ਅਟੁੱਟ ਅੰਗ ਬਣਾ ਕੇ ਉਸ ਨੂੰ ਆਸ਼ਾਵਾਦ ਦਾ ਧਾਰਨੀ ਬਣਾਉਣਾ ਲੋਚਦਾ ਹੈ ਤਾਂ ਕਿ ਅਸਫ਼ਲਤਾਵਾਂ ਵਿਚੋਂ ਸਫ਼ਲਤਾ ਦੀ ਤਲਾਸ਼ ਕੀਤੀ ਜਾ ਸਕੇ। ਅਸਫ਼ਲਤਾਵਾਂ ਵਿਚੋਂ ਸਫ਼ਲਤਾ ਦੀ ਪ੍ਰਾਪਤੀ ਤਾਂ ਹੀ ਹੋ ਸਕਦੀ ਹੈ ਜੇ ਇਰਾਦੇ ਦੀ ਦ੍ਰਿੜਤਾ ਤੇ ਨਵੇਂ ਰਾਹਾਂ ਦਾ ਪਾਂਧੀ ਬਣਨ ਦੇ ਨਾਲ-ਨਾਲ ਮਨੁੱਖ ਦੇ ਧੁਰ-ਅੰਦਰ ਖੁਸ਼ੀਆਂ/ਸਫ਼ਲਤਾਵਾਂ ਦੀ ਚਿਣਗ ਮਘਦੀ ਹੋਵੇ। ਜਿਵੇਂ ਛੋਟੀਆਂ ਸਫ਼ਲਤਾਵਾਂ ਵਿਚੋਂ ਵੱਡੀ ਸਫ਼ਲਤਾ ਦੀ ਪ੍ਰਾਪਤੀ ਹੁੰਦੀ ਹੈ ਉਵੇਂ ਛੋਟੀਆਂ-ਛੋਟੀਆਂ ਖੁਸ਼ੀਆਂ ਵਿਚੋਂ ਹੀ ਵੱਡੀ ਖੁਸ਼ੀ ਦੀ ਪ੍ਰਾਪਤੀ ਹੁੰਦੀ ਹੈ। 'ਜ਼ਿੰਦਗੀ ਨੂੰ ਦੇਈਏ ਖੁਸ਼ੀਆਂ ਦੀ ਜਰਬ' ਨਿਬੰਧ ਵਿਚ ਲੇਖਕ ਇਸੇ ਵਿਚਾਰ ਨੂੰ ਪੁਖ਼ਤਗੀ ਦਿੰਦਾ ਜਾਪਦਾ ਹੈ। ਨਿਬੰਧ ਅਰਥ-ਸੰਚਾਰ ਕਰਦਾ ਹੈ ਕਿ ਮਨੁੱਖ ਨੂੰ ਵੱਡੀ ਖੁਸ਼ੀ ਦੀ ਅਕਾਂਖਿਆ ਵਿਚ ਛੋਟੀਆਂ ਖੁਸ਼ੀਆਂ ਨੂੰ ਨਕਾਰਨਾ ਨਹੀਂ ਚਾਹੀਦਾ ਕਿਉਂਕਿ ਛੋਟੀਆਂ-ਛੋਟੀਆਂ ਖੁਸ਼ੀਆਂ ਨੂੰ ਜਰਬ ਦੇਣ ਨਾਲ ਹੀ ਵੱਡੀ ਖੁਸ਼ੀ ਦਾ ਰਾਹ ਪੱਧਰਾ ਹੁੰਦਾ ਹੈ :

'ਜ਼ਿੰਦਗੀ ਨੂੰ ਜ਼ਿੰਦਗੀ ਬਣਾਉਣ ਲਈ, ਸਾਨੂੰ ਚਿੰਤਾ ਦਾ ਰਾਹ ਛੱਡਣਾ ਪਵੇਗਾ, ਨਿੱਕੀਆਂ ਨਿੱਕੀਆਂ ਖੁਸ਼ੀਆਂ ਦੇ ਰਾਹ ਤੁਰਨਾ ਪਵੇਗਾ। ਫਿਰ ਹੀ ਅਸੀਂ ਕਿਸੇ ਵੱਡੀ ਖੁਸ਼ੀ ਨੂੰ ਪ੍ਰਾਪਤ ਕਰ ਸਕਾਂਗੇ।'[12]

ਇਉਂ ਚਿੰਤਾਂ ਨੂੰ ਤਿਆਗ ਕੇ ਤੇ ਛੋਟੀਆਂ ਖੁਸ਼ੀਆਂ ਨੂੰ ਮਾਣਨ ਦੀ ਲੋਚਾ ਹੀ ਸਫ਼ਲਤਾ ਵਿਚ ਤਬਦੀਲ ਹੋ ਕੇ ਮਨੁੱਖ ਦੇ ਮਰਨ ਤੋਂ ਬਾਅਦ ਵੀ ਜਿਉਂਦੇ ਰਹਿਣ ਦੀ ਗਵਾਹ ਬਣਦੀ ਹੈ। ਮਰਨ ਤੋਂ ਬਾਅਦ ਜਿਉਂਦੇ ਰਹਿਣ ਦੀ ਅਕਾਂਖਿਆ ਦੀ ਪਿਠਭੂਮੀ ਵਿਚ ਲੇਖਕ ਦੀ ਧਾਰਨਾ ਹੈ ਕਿ ਮਨੁੱਖ ਨੂੰ ਜ਼ਿੰਦਗੀ ਵਿਚ ਅਜਿਹੀਆਂ ਕਦਰਾਂ-ਕੀਮਤਾਂ ਦਾ ਧਾਰਨੀ ਹੋਣਾ ਚਾਹੀਦਾ ਹੈ

ਜੋ ਨਾ-ਕੇਵਲ ਉਸ ਦੀ ਨਿਜੀ ਸਫ਼ਲਤਾ ਦਾ ਆਧਾਰ ਬਣਨ ਸਗੋਂ ਆਉਣ ਵਾਲੀਆਂ ਪੀੜ੍ਹੀਆਂ ਲਈ ਵੀ ਚਾਨਣ ਮੁਨਾਰੇ ਦੀ ਭੂਮਿਕਾ ਅਦਾ ਕਰਦੀਆਂ ਰਹਿਣ :

'ਖਾਤਾ ਖੋਲਣਾ ਤੇ ਨਿਵੇਸ਼ ਕਰਨਾ ਜਿਉਂਦੇ ਹੋਣ ਦੀ ਨਿਸ਼ਾਨੀ ਹੈ। ਇਹ ਨਿਵੇਸ਼ ਪੈਸੇ ਦਾ ਨਿਵੇਸ਼ ਨਹੀਂ ਹੈ। ਇਹ ਹੈ ਚੰਗੀਆਂ ਕਦਰਾਂ-ਕੀਮਤਾਂ ਦਾ ਨਿਵੇਸ਼, ਸਮਾਜ ਪ੍ਰਤੀ ਜ਼ਿੰਮੇਵਾਰੀ ਦਾ ਨਿਵੇਸ਼, ਨਵੇਂ ਰਸਤੇ ਦਾ ਨਿਵੇਸ਼ ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਮੰਜ਼ਿਲ ਵਿਖਾਵੇਗਾ। ਜਿਸ ਜ਼ਰੀਏ ਤੁਸੀਂ ਸਦੀਆਂ ਤੱਕ ਜਿਉਂਦੇ ਰਹੋਗੇ।'[13]

ਇਉਂ ਲੇਖਕ ਦੀ ਪ੍ਰਬਲ ਇੱਛਾ ਹੈ ਕਿ ਅਨੇਕ ਸੰਕਟਾਂ ਦੇ ਬਾਵਜੂਦ ਕਿਰਤੀ ਵਰਗ ਜੀਵਨ ਦੇ ਹਰ ਖੇਤਰ ਵਿਚ ਅੱਗੇ ਵਧੇ ਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਰਾਹ ਦਸੇਰਾ ਬਣੇ। ਅਜਿਹਾ ਤਾਂ ਹੀ ਸੰਭਵ ਹੋਵੇਗਾ ਜੇਕਰ ਇਹ ਵਰਗ ਸੰਘਰਸ਼ ਅਤੇ ਦ੍ਰਿੜਤਾ ਨੂੰ ਜੀਵਨ ਦਾ ਅੰਗ ਬਣਾ ਕੇ ਨਵੇਂ ਰਾਹਾਂ 'ਤੇ ਤੁਰਨ ਦਾ ਸਾਹਸ ਆਪਣੇ ਅੰਦਰ ਪੈਦਾ ਕਰੇਗਾ। ਲੇਖਕ ਦੀ ਖ਼ੂਬਸੂਰਤੀ ਹੈ ਕਿ ਉਹ ਕਿਰਤੀ ਵਰਗ ਨੂੰ ਚੇਤਨ ਕਰਨ ਲਈ ਜਿਥੇ ਮਿਹਨਤ ਤੇ ਸਿਰੜ ਨੂੰ ਸਫ਼ਲਤਾ ਦੀ ਕੁੰਜੀ ਵਜੋਂ ਪ੍ਰਸਤੁਤ ਕਰਦਾ ਹੈ ਉਥੇ ਮਿਥਿਹਾਸ ਤੇ ਇਤਿਹਾਸ ਵਿਚੋਂ ਮਹਾਨ ਸ਼ਖ਼ਸੀਅਤਾਂ ਦੇ ਹਵਾਲੇ ਦੇ ਕੇ ਸਫ਼ਲਤਾ ਦੇ ਮਿਥਿਹਾਸਕ ਤੇ ਇਤਿਹਾਸਕ ਪ੍ਰਸੰਗ ਵੀ ਸਿਰਜਦਾ ਹੈ। ਇਹ ਪ੍ਰਸੰਗ ਪਾਠਕ ਦੀ ਚੇਤਨਾ ਨੂੰ ਪ੍ਰਚੰਡ ਕਰਨ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ। 'ਤੁਹਾਡਾ ਹਿੱਸਾ ਤੁਹਾਨੂੰ ਹੀ ਮਿਲੇਗਾ' ਨਿਬੰਧ ਵਿਚ ਲੇਖਕ ਇਨ੍ਹਾਂ ਪ੍ਰਸੰਗਾਂ ਦੇ ਹਵਾਲੇ ਨਾਲ ਬੰਦੇ ਨੂੰ ਸਕਾਰਾਤਮਕ ਸੋਚ ਦਾ ਧਾਰਨੀ ਹੋਣ ਦੀ ਤਾਕੀਦ ਕਰਦਾ ਹੋਇਆ ਸਪਸ਼ਟ ਕਰਦਾ ਹੈ ਕਿ ਮਿਹਨਤ ਤੇ ਲਗਨ ਨਾਲ ਕੀਤੇ ਹਰ ਕਰਮ ਦਾ ਫਲ ਬੰਦੇ ਨੂੰ ਆਖਰ ਮਿਲਣਾ ਹੀ ਹੁੰਦਾ ਹੈ ਕਿਉਂਕਿ ਇਹ ਉਸ ਦਾ ਕਮਾਇਆ ਹੋਇਆ ਅਸਲ ਹਿੱਸਾ ਹੁੰਦਾ ਹੈ :

'ਰਾਮ ਭਾਵੇਂ ਚੌਦਾਂ ਵਰ੍ਹਿਆਂ ਦਾ ਬਨਵਾਸ ਕੱਟਦਾ ਹੈ, ਪਰ ਚੌਦਾਂ ਵਰ੍ਹਿਆਂ ਬਾਅਦ ਅਯੁੱਧਿਆ ਦਾ ਰਾਜਾ ਉਹੀ ਹੈ, ਕਿਉਂਕਿ ਇਹ ਉਸਦਾ ਹਿੱਸਾ ਹੈ। ਅਬਰਾਹਮ ਲਿੰਕਨ ਜੇ ਗਲੀ ਦੀਆਂ ਲਾਈਟਾਂ ਵਿਚ ਪੜ੍ਹਦਾ ਸੀ ਤਾਂ ਉਸ ਦੀ ਦ੍ਰਿੜਤਾ ਹੀ ਉਸ ਨੂੰ ਰਾਸ਼ਟਰਪਤੀ ਦੀ ਕੁਰਸੀ ਤਕ ਲੈ ਕੇ ਆਈ। ਅਬਦੁਲ ਕਲਾਮ ਵੀ ਭਾਰਤ ਦਾ ਰਾਸ਼ਟਰਪਤੀ ਨਾ ਹੁੰਦਾ ਜੇਕਰ ਉਹ ਅਖ਼ਬਾਰ ਵੇਚਣ ਤੋਂ ਅੱਗੇ ਦੀ ਨਾ ਸੋਚਦਾ। ਤੁਹਾਡੀ ਸੋਚ ਹੀ ਤੁਹਾਡਾ ਹਿੱਸਾ ਹੈ। ਉਹ ਤੁਹਾਨੂੰ ਹਰ ਹਾਲ ਵਿਚ ਮਿਲੇਗਾ।'[14]

ਜ਼ਾਹਿਰ ਹੈ, ਲੇਖਕ ਆਪ ਹੀ ਸਕਾਰਾਤਮਕ ਸੋਚ ਦਾ ਧਾਰਨੀ ਨਹੀਂ ਹੈ ਸਗੋਂ ਉਸ ਦੀ ਦ੍ਰਿੜ ਇੱਛਾ ਹੈ ਕਿ ਉਸ ਦਾ ਪਾਠਕ-ਜਗਤ ਵੀ ਕਰਮ ਪ੍ਰਤੀ ਨਿਸ਼ਠਾ ਰੱਖਦਾ ਹੋਇਆ ਸਕਾਰਾਤਮਕ ਸੋਚ ਦਾ ਧਾਰਨੀ ਬਣੇ ਕਿਉਂਕਿ ਸੋਚ ਦੇ ਸਕਾਰਾਤਮਕ ਹੋਣ ਨਾਲ ਹੀ ਸਫ਼ਲਤਾ ਮਿਲਦੀ ਹੈ। ਇਹ ਸਫ਼ਲਤਾ ਇਕ-ਪਰਤੀ ਨਹੀਂ ਸਗੋਂ ਬਹੁ-ਪਰਤੀ ਹੁੰਦੀ ਹੈ। ਬਹੁ-ਪਰਤੀ ਇਸ ਕਰਕੇ ਹੁੰਦੀ ਹੈ ਕਿਉਂਕਿ ਇਸ ਨਾਲ ਇਕ ਪੀੜ੍ਹੀ ਦਾ ਹੀ ਨਹੀਂ ਸਗੋਂ ਆਉਣ ਵਾਲੀਆਂ ਕਈ ਪੀੜ੍ਹੀਆਂ ਦਾ ਜੀਵਨ-ਪੱਧਰ ਬਦਲ ਜਾਂਦਾ ਹੈ। ਜੀਵਨ-ਪੱਧਰ ਬਦਲਣ ਦੇ ਨਾਲ-ਨਾਲ ਨਾ-ਕੇਵਲ ਦਰਪੇਸ਼ ਸਮਾਜ-ਸਭਿਆਚਾਰਕ ਪ੍ਰਵੇਸ਼ ਹੀ ਬਦਲ ਜਾਂਦਾ ਹੈ ਸਗੋਂ ਸਥਿਤੀਆਂ/ਪਰਸਥਿਤੀਆਂ ਨੂੰ ਵੇਖਣ ਅਤੇ ਸਮਝਣ ਵਾਲੀ ਦ੍ਰਿਸ਼ਟੀ ਅਤੇ ਦ੍ਰਿਸ਼ਟੀਕੋਣ ਵੀ ਬਦਲ ਜਾਂਦਾ ਹੈ :

'ਦ੍ਰਿਸ਼ਟੀ ਸਾਫ਼ ਹੋਵੇਗੀ ਤਾਂ ਰਸਤੇ ਵੀ ਮਿਲ ਜਾਣਗੇ। ਦ੍ਰਿਸ਼ਟੀ ਸਾਫ਼ ਹੋਵੇਗੀ ਤਾਂ ਮੰਜ਼ਿਲ ਵੀ ਮਿਲ ਜਾਵੇਗੀ। ਸਾਰਾ ਮਾਮਲਾ ਦ੍ਰਿਸ਼ਟੀ ਤੇ ਦ੍ਰਿਸ਼ਟੀਕੋਣ ਦਾ ਹੈ। ਦ੍ਰਿਸ਼ਟੀ

ਬਦਲਣ ਨਾਲ ਚੀਜ਼ਾਂ ਦੇ ਮਾਇਨੇ ਬਦਲ ਜਾਂਦੇ ਹਨ, ਦ੍ਰਿਸ਼ਟੀਕੋਣ ਬਦਲਣ ਨਾਲ ਮਾਇਨੇ ਹੀ ਨਹੀਂ ਚੀਜ਼ਾਂ ਵੀ ਬਦਲ ਜਾਂਦੀਆਂ ਹਨ।'[15]

ਇਉਂ ਲੇਖਕ, ਪਾਠਕ ਦੀ ਚੇਤਨਾ ਨੂੰ ਹਲੂਣ ਕੇ ਸਮਾਜ-ਸਭਿਆਚਾਰਕ ਵਰਤਾਰਿਆਂ ਪ੍ਰਤੀ ਉਸ ਦੇ ਹੁੰਗਾਰੇ ਨੂੰ ਬਦਲਣਾ ਲੋਚਦਾ ਹੈ। ਲੇਖਕ ਅਜਿਹੇ ਵਰਗ ਦੇ ਪ੍ਰਤਿਨਿਧ ਵਜੋਂ ਉਭਰਦਾ ਹੈ ਜੋ ਜੀਵਨ-ਸੰਘਰਸ਼ ਤੇ ਸਿਰੜ ਸਦਕਾ ਨਾ-ਕੇਵਲ ਆਪ ਸਫ਼ਲਤਾ ਪ੍ਰਾਪਤ ਕਰਦਾ ਹੈ ਸਗੋਂ ਦੂਜਿਆਂ ਲਈ ਵੀ ਰਾਹ ਦਸੇਰਾ ਬਣਦਾ ਹੈ। 'ਨਜ਼ਾਰਾ ਨਜ਼ਰ ਦਾ' ਨਿਬੰਧ ਵਿਚ ਵੀ ਲੇਖਕ ਨਜ਼ਰ/ਦ੍ਰਿਸ਼ਟੀ/ਦ੍ਰਿਸ਼ਟੀਕੋਣ ਦੇ ਸਕਾਰਾਤਮਕ ਹੋਣ ਵਿਚ ਜ਼ਿੰਦਗੀ ਦੀ ਸਫ਼ਲਤਾ ਨੂੰ ਤਲਾਸ਼ਦਾ ਹੈ। ਲੇਖਕ ਸਪਸ਼ਟ ਕਰਦਾ ਹੈ ਕਿ ਜੇਕਰ ਸਾਡੀ ਨਜ਼ਰ ਸਵੱਲੀ ਹੈ ਤਾਂ ਪੱਤਝੜ ਵੀ ਬਹਾਰ ਬਣ ਕੇ ਆਵੇਗੀ, ਉਚੇ ਪਰਬਤਾਂ ਨੂੰ ਸੌਖਿਆਂ ਸਰ ਕਰ ਸਕਾਂਗੇ। ਉਠਦੇ ਤੂਫਾਨ ਥੰਮ੍ਹ ਜਾਣਗੇ। ਵਗਦੇ ਦਰਿਆ ਸਾਡਾ ਰਸਤਾ ਨਹੀਂ ਰੋਕ ਸਕਣਗੇ। ਆਸ਼ਾਵਾਨ ਨਜ਼ਰ ਹੀ ਦੁਨੀਆ 'ਤੇ ਜਿੱਤ ਪ੍ਰਾਪਤ ਕਰ ਸਕਦੀ ਹੈ।[16] ਸਪਸ਼ਟ ਹੈ, ਲੇਖਕ ਆਸ਼ਾਵਾਨ ਸੋਚ ਨੂੰ ਸਫ਼ਲਤਾ ਦੀ ਕੁੰਜੀ ਵਜੋਂ ਨਾ-ਕੇਵਲ ਪ੍ਰਚਾਰਦਾ ਹੈ ਸਗੋਂ ਇਸ ਨੂੰ ਜੀਵਨ ਵਿਚ ਪੁਖ਼ਤਗੀ ਦੇਣ ਲਈ ਇਤਿਹਾਸਕ ਤੇ ਮਿਥਿਹਾਸਕ ਸ਼ਖ਼ਸੀਅਤਾਂ ਦੇ ਹਵਾਲੇ ਵੀ ਦਿੰਦਾ ਹੈ। ਇਸ ਤਰ੍ਹਾਂ ਲੇਖਕ ਜਿਥੇ ਪਾਠਕ ਲਈ ਸਮਾਜ-ਸਭਿਆਚਾਰਕ ਵਰਤਾਰਿਆਂ ਨੂੰ ਧੁਰ ਅੰਦਰੋਂ ਸਮਝਣ/ਸਮਝਾਉਣ ਹਿਤ ਸਿਧਾਂਤਕ ਤੇ ਵਿਹਾਰਕ ਸਮਝ ਤਿਆਰ ਕਰਦਾ ਹੈ ਉਥੇ ਉਸ ਦੀ ਸੁਹਜਾਤਮਿਕ ਤ੍ਰਿਪਤੀ ਦੀ ਅਕਾਂਖਿਆ ਨੂੰ ਵੀ ਅੱਖੋਂ ਪ੍ਰੋਖੇ ਨਹੀਂ ਕਰਦਾ ਕਿਉਂਕਿ ਉਹ ਜਾਣਦਾ ਹੈ ਕਿ ਸੁਹਜਾਤਮਿਕ ਜੁਗਤਾਂ ਨਾਲ ਪ੍ਰਦਾਨ ਕੀਤੇ ਗਿਆਨ ਦਾ ਅਸਰ ਚਿਰ-ਸਥਾਈ ਹੁੰਦਾ ਹੈ। ਇਹੀ ਵਜ੍ਹਾ ਹੈ ਕਿ ਉਹ ਦਿਲ ਦਿਮਾਗ ਦੀ ਜੁਗਲਬੰਦੀ ਵਿਚੋਂ ਖ਼ੂਬਸੂਰਤ ਵਾਰਤਕ ਦੀ ਸਿਰਜਣਾ ਕਰ ਜਾਂਦਾ ਹੈ।

ਵਿਸ਼ਵੀਕਰਨ ਦੇ ਵਰਤਾਰੇ ਤਹਿਤ ਪੈਦਾ ਹੋਏ ਪਦਾਰਥਵਾਦੀ ਸਮਾਜ-ਸਭਿਆਚਾਰ ਨੇ ਸਮਕਾਲੀ ਜੀਵਨ-ਯਥਾਰਥ ਨੂੰ ਵੱਡੀ ਪੱਧਰ 'ਤੇ ਪ੍ਰਭਾਵਿਤ ਕੀਤਾ ਹੈ। ਪਦਾਰਥ ਦੀ ਬਹੁਲਤਾ ਵਾਲੇ ਇਸ ਯੁੱਗ ਵਿਚ ਪਦਾਰਥ ਕੇਂਦਰ ਵਿਚ ਆ ਗਿਆ ਹੈ ਤੇ ਬੰਦਾ ਹਾਸ਼ੀਏ 'ਤੇ ਚਲਾ ਗਿਆ ਹੈ। ਪਦਾਰਥ ਇਕੱਤਰ ਕਰਨ ਦੀ ਲਾਲਸਾ ਨੇ ਅਜੋਕੇ ਬੰਦੇ ਨੂੰ ਅਜਿਹੇ ਗਧੀਗੇੜ ਵਿਚ ਪਾਇਆ ਹੈ ਕਿ ਉਹ ਸਮਾਜ-ਸਭਿਆਚਾਰ ਦੀਆਂ ਨਰੋਈਆਂ ਤੇ ਹੰਢਣਸਾਰ ਨੈਤਿਕ ਕਦਰਾਂ-ਕੀਮਤਾਂ ਨੂੰ ਤਿਲਾਂਜਲੀ ਦੇ ਕੇ ਪੈਸੇ ਦਾ ਪੁੱਤ ਬਣ ਕੇ ਰਹਿ ਗਿਆ ਹੈ। 'ਸਭਿਆਚਾਰਕ ਗ਼ਰੀਬੀ ਦਾ ਸੰਤਾਪ' ਨਿਬੰਧ ਅਜਿਹੇ ਹੀ ਸਰੋਕਾਰਾਂ ਨਾਲ ਜੁੜਿਆ ਹੋਇਆ ਹੈ। ਇਸ ਨਿਬੰਧ ਵਿਚੋਂ ਸਪਸ਼ਟ ਹੁੰਦਾ ਹੈ ਕਿ ਅਜੋਕੇ ਬੰਦੇ ਨੇ ਅਜਿਹੀਆਂ ਬੇਲਗਾਮ ਅਕਾਂਖਿਆਵਾਂ ਪੈਦਾ ਕਰ ਲਈਆਂ ਹਨ ਜਿਨ੍ਹਾਂ ਦੀ ਪੂਰਤੀ ਕਰਦਾ-ਕਰਦਾ ਉਹ ਨਾਕੇਵਲ ਸੰਤਾਪੀਆਂ ਤੇ ਬਨਵਾਸੀਆਂ ਸਥਿਤੀਆਂ ਵਿਚ ਜਿਉਣ ਲਈ ਮਜ਼ਬੂਰ ਹੁੰਦਾ ਹੈ ਸਗੋਂ ਆਪਣਾ ਅਸਲੀ ਸਰਮਾਇਆ 'ਬੱਚੇ' ਵੀ ਹੱਥੋਂ ਗੁਆ ਰਿਹਾ ਹੈ। ਇਸ ਪ੍ਰਸੰਗ ਵਿਚ ਹੇਠ ਲਿਖੇ ਵਾਰਤਕ ਵੇਰਵੇ ਧਿਆਨ ਦੀ ਮੰਗ ਕਰਦੇ ਹਨ :

> 'ਸਾਰੇ ਬੂਟੇ ਹੀ ਕੁਮਲਾਏ ਜਿਹੇ ਹਨ। ਮੈਂ ਬੂਟਿਆਂ ਬਾਰੇ ਸੋਚਦਾ ਹਾਂ। ਇਹ ਵਿਚਾਰੇ ਕੁਮਲਾਉਣ ਵੀ ਕਿਉਂ ਨਾ, ਜਦੋਂ ਅਸੀਂ ਇਨ੍ਹਾਂ ਦੇ ਹਿੱਸੇ ਦੀ ਜ਼ਮੀਨ ਹੀ ਨਹੀਂ ਦਿੱਤੀ। ਮਹਿੰਗੇ ਗਮਲਿਆਂ ਵਿਚ ਇਹ ਕਿੰਨਾ ਕੁ ਵਧ ਲੈਣਗੇ? ਇਨ੍ਹਾਂ ਦੀਆਂ ਜੜ੍ਹਾਂ ਦੀ ਕੀ ਹੋਂਦ ਹੈ? ਕਿੱਥੇ ਹਨ ਇਹਨਾਂ ਦੀਆਂ ਜੜ੍ਹਾਂ ? ...ਫਿਰ ਮੈਨੂੰ ਉਹ ਗਮਲੇ ਮੇਰੇ ਹੀ ਬੱਚੇ ਜਾਪਦੇ ਹਨ। ਆਪਣੀ ਜ਼ਮੀਨ ਤੋਂ ਵਿਰਵੇ, ਆਪਣੀਆਂ ਜੜ੍ਹਾਂ ਤੋਂ ਵਿਰਵੇ, ਆਪਣੇ

ਸਭਿਆਚਾਰ ਤੋਂ ਟੁੱਟੇ ਹੋਏ, ਸਭਿਆਚਾਰਕ ਗ਼ਰੀਬੀ ਦਾ ਸੰਤਾਪ ਭੋਗਦੇ ਵਿਚਾਰੇ। ਗਮਲਿਆਂ ਵਰਗੇ ਮੇਰੇ ਬੱਚੇ।'[17]

ਇਉਂ ਇਨ੍ਹਾਂ ਵਾਰਤਕ ਵੇਰਵਿਆਂ ਜ਼ਰੀਏ ਲੇਖਕ ਅਜਿਹੇ ਕਈ ਮਹੱਤਵਪੂਰਨ ਨੁਕਤੇ ਉਠਾਉਂਦਾ ਹੈ ਜਿਹੜੇ ਸਮਕਾਲੀ ਸਮਾਜ-ਸਭਿਆਚਾਰਕ ਜੀਵਨ-ਯਥਾਰਥ ਦੀਆਂ ਬਹੁਤ ਸਾਰੀਆਂ ਮਹੀਣ ਪਰਤਾਂ ਨੂੰ ਪਾਠਕਾਂ ਦੇ ਸਨਮੁਖ ਕਰਦੇ ਹਨ। ਮਨੁੱਖ ਦੀ ਪਦਾਰਥਵਾਦੀ ਬਿਰਤੀ ਅਤੇ ਖੁਲ੍ਹੇ, ਦੇਹਵਾਦੀ ਪੱਛਮੀ-ਸਭਿਆਚਾਰ ਦੀ ਬੇਰੋਕ ਨਕਲ ਨੇ ਨਾ-ਕੇਵਲ ਪੰਜਾਬੀ ਰਿਸ਼ਤਾ ਨਾਤਾ-ਪ੍ਰਬੰਧ ਨੂੰ ਖੋਖਲਾ ਕੀਤਾ ਹੈ ਸਗੋਂ ਪ੍ਰਕਿਰਤਕ ਖ਼ੂਬਸੂਰਤੀ ਨੂੰ ਵੀ ਤਬਾਹ ਕਰ ਦਿੱਤਾ ਹੈ। 'ਸ਼ਾਂਤੀ ਦੀ ਭਾਲੀ ਵਿਚ ਬੇਚੈਨ ਹੋਏ ਲੋਕ' ਨਿਬੰਧ ਵੀ ਪਦਾਰਥਵਾਦੀ ਸਭਿਆਚਾਰ ਦੇ ਅੰਤਰਗਤ ਮਨੁੱਖ ਅੰਦਰ ਪੈਦਾ ਹੋਈਆਂ ਦੇਹਵਾਦੀ ਅਕਾਂਖਿਆਵਾਂ ਦੇ ਪ੍ਰਤਿਫ਼ਲ ਵਜੋਂ ਆਪ ਸਹੇੜੀ ਅਸ਼ਾਂਤੀ 'ਤੇ ਕਟਾਖ਼ਸ਼ ਕਰਦਾ ਹੈ :

> 'ਜਿਵੇਂ-ਜਿਵੇਂ ਅਸੀਂ ਵਿਗਿਆਨਕ ਤਰੱਕੀ ਕਰ ਰਹੇ ਹਾਂ ਅਸੀਂ ਮਾਨਸਿਕ ਤੌਰ 'ਤੇ ਅਸ਼ਾਂਤ ਹੁੰਦੇ ਜਾ ਰਹੇ ਹਾਂ। ਇਸਦਾ ਵੱਡਾ ਕਾਰਨ ਪੈਸੇ ਪਿਛੇ ਦੌੜਨਾ ਤੇ ਝੂਠੀ ਸ਼ੋਹਰਤ ਹਾਸਲ ਕਰਨਾ ਦੋਵੇਂ ਸ਼ਾਮਲ ਹਨ। ਅਜੋਕੀ ਬੇਚੈਨੀ ਸਾਨੂੰ ਪਦਾਰਥਵਾਦੀ ਯੁਗ ਨੇ ਦਿੱਤੀ ਹੈ।'[18]

ਇਉਂ ਪਦਾਰਥਵਾਦੀ ਸਮਾਜ-ਸਭਿਆਚਾਰ ਵਿਚ ਵਿਚਰਦਾ ਮਨੁੱਖ ਪਾਦਰਥਕ ਬਹੁਲਤਾਵਾਂ ਵਿਚ ਅਜਿਹਾ ਖਚਿਤ ਹੋਇਆ ਹੈ ਕਿ ਉਹ ਦੇਹੀ ਸੁਖਾਂ ਦੀ ਭ੍ਰਾਂਤੀ ਤਾਂ ਸਿਰਜ ਰਿਹਾ ਹੈ ਪਰੰਤੂ ਮਾਨਸਿਕ ਸੁਖਾਂ ਤੋਂ ਹੀਣਾ ਹੋ ਰਿਹਾ ਹੈ। ਇਸ ਤਰ੍ਹਾਂ ਅਜੋਕੇ ਬੰਦੇ ਨੇ ਆਪਣੀਆਂ ਦੇਹਵਾਦੀ ਅਕਾਂਖਿਆਵਾਂ ਦੀ ਪੂਰਤੀ ਹਿਤ ਨਾ-ਕੇਵਲ ਪ੍ਰਕਿਰਤਕ ਪੇੜ-ਪੌਦਿਆਂ ਕੋਲੋਂ ਉਨ੍ਹਾਂ ਦੇ ਹਿੱਸੇ ਦੀ ਜ਼ਮੀਨ ਖੋਹ ਲਈ ਹੈ ਸਗੋਂ ਆਪਣੇ ਬੱਚਿਆਂ ਦੇ ਹਿਸੇ ਦੀ ਸਭਿਆਚਾਰਕ ਕਦਰਾਂ-ਕੀਮਤਾਂ ਦੀ ਜ਼ਰਖੇਜ਼ ਜ਼ਮੀਨ ਨੂੰ ਵੀ ਬੰਜਰ ਕਰ ਦਿੱਤਾ ਹੈ ਜਿਸ ਵਿਚੋਂ ਉਨ੍ਹਾਂ ਦੀ ਸ਼ਖ਼ਸੀਅਤ ਨੇ ਉਸਰਣਾ ਸੀ। ਇਸ ਸਥਿਤੀ ਵਿਚ ਮਨੁੱਖੀ ਹੋਂਦ ਦਾ ਭਵਿਖ ਪੇੜ-ਪੌਦੇ ਹੀ ਨਹੀਂ ਸਗੋਂ ਬੱਚੇ ਵੀ ਜੜ੍ਹਹੀਣ ਹੋ ਗਏ ਹਨ। ਸਵਾਲ ਪੈਦਾ ਹੁੰਦਾ ਹੈ ਕਿ ਅਜਿਹੇ ਜੜ੍ਹਹੀਣ ਭਵਿੱਖ ਤੋਂ ਕੀ ਆਸ ਕੀਤੀ ਜਾ ਸਕਦੀ ਹੈ? ਲੋੜ ਹੈ ਕਿ ਮਨੁੱਖ ਆਪਣੀਆਂ ਸਮਾਜ-ਸਭਿਆਚਾਰਕ ਜ਼ਿੰਮੇਵਾਰੀਆਂ ਨੂੰ ਪਛਾਣੇ ਤਾਂ ਕਿ ਪੇੜ-ਪੌਦਿਆਂ ਅਤੇ ਬੱਚਿਆਂ ਨੂੰ ਉਨਾਂ ਦੇ ਹਿੱਸੇ ਦੀ ਪ੍ਰਕ੍ਰਿਤਕ ਤੇ ਸਾਂਸਕ੍ਰਿਤਕ ਜ਼ਮੀਨ ਦਿੱਤੀ ਜਾ ਸਕੇ ਜਿਸਦੇ ਆਧਾਰ 'ਤੇ ਉਸਰੀਆਂ ਆਉਣ ਵਾਲੀਆਂ ਪੀੜ੍ਹੀਆਂ ਆਪਣੀ ਅਮੀਰ ਸਭਿਆਚਾਰਕ ਵਿਰਾਸਤ 'ਤੇ ਮਾਣ ਕਰ ਸਕਣ।

ਭਾਰਤ ਦੀਆਂ ਭੂਗੋਲਿਕ ਹਾਲਤਾਂ ਖੇਤੀ-ਬਾੜੀ ਲਈ ਅਨੁਕੂਲ ਹੋਣ ਕਰਕੇ ਇਥੋਂ ਦੀ ਆਰਥਿਕਤਾ ਮੁਢ ਤੋਂ ਹੀ ਕਿਸਾਨੀ 'ਤੇ ਨਿਰਭਰ ਰਹੀ ਹੈ ਪਰੰਤੂ ਵਿਸ਼ਵ ਪੱਧਰ 'ਤੇ ਵਾਪਰੀਆਂ ਵੱਡੀਆਂ ਆਰਥਿਕ-ਤਬਦੀਲੀਆਂ ਸਦਕਾ ਪੈਦਾ ਹੋਈਆਂ ਆਰਥਿਕ-ਨੀਤੀਆਂ ਨੂੰ ਭਾਰਤ ਵਿਚ ਲਾਗੂ ਕਰਨ ਲਈ ਤਤਕਾਲੀ ਪੂੰਜੀਵਾਦੀ-ਸਰਕਾਰਾਂ ਨੇ ਵਿਚੋਲੇ ਦੀ ਭੂਮਿਕਾ ਨਿਭਾਈ ਜਿਸ ਕਾਰਨ ਭਾਰਤੀ ਨਿਮਨ-ਕਿਸਾਨੀ ਨੂੰ ਵੱਡੀ ਢਾਅ ਲੱਗੀ। ਪੱਛਮੀ ਅਤਿ-ਵਿਕਸਿਤ ਦੇਸ਼ਾਂ ਦੀਆਂ ਉਦਾਰਵਾਦੀ/ਪੂੰਜੀਵਾਦੀ ਆਰਥਿਕ ਨੀਤੀਆਂ ਤਹਿਤ ਖੁਲ੍ਹੀ ਮੰਡੀ ਦਾ ਮਾਡਲ ਜਦੋਂ ਭਾਰਤ ਦੇ ਖੇਤੀ-ਸੈਕਟਰ ਵਿਚ ਅਪਣਾਇਆ ਜਾਂਦਾ ਹੈ ਤਾਂ ਖੇਤੀ ਦਾ ਮਸ਼ੀਨੀਕਰਨ ਹੋਣ ਨਾਲ ਇਕ ਵਾਰ ਤਾਂ ਖੇਤੀ ਦੇ ਉਤਪਾਦਨ ਵਿਚ ਢੇਰ ਵਾਧਾ ਹੁੰਦਾ ਹੈ ਜਿਸ ਨੂੰ ਹਰੀ ਕ੍ਰਾਂਤੀ ਦੀ

ਸੰਗਿਆ ਦਿੱਤੀ ਜਾਂਦੀ ਹੈ। ਇਸ ਹਰੀ ਕ੍ਰਾਂਤੀ ਨਾਲ ਭਾਰਤ ਦੀ ਧਨੀ-ਕਿਸਾਨੀ ਨੂੰ ਤਾਂ ਬਹੁਤ ਲਾਭ ਹੋਇਆ ਪਰੰਤੂ ਨਿਮਨ-ਕਿਸਾਨੀ ਮਹਿੰਗੇ ਬੀਜ਼ਾਂ, ਮਹਿੰਗੀਆਂ ਕੀੜੇਮਾਰ ਦਵਾਈਆਂ, ਮਹਿੰਗੇ ਫਰਟੀਲਾਈਜ਼ਰ, ਮਹਿੰਗੀ ਮਸ਼ੀਨਰੀ ਆਦਿ ਤਿਆਰ ਕਰਨ ਵਾਲੀਆਂ ਦੇਸੀ/ਵਿਦੇਸ਼ੀ ਕੰਪਨੀਆਂ ਦੀ ਲੁੱਟ ਅਤੇ ਖੁਲ੍ਹੀ-ਮੰਡੀ ਵਿਚ ਪੂੰਜੀਪਤੀ ਵਪਾਰੀਆਂ ਦੇ ਮੱਕੜਜਾਲ ਵਿਚ ਅਜਿਹੀ ਉਲਝੀ ਕਿ ਕੰਗਾਲੀ ਦੀ ਕਾਗਾਰ ਉਤੇ ਆ ਖੜ੍ਹੀ ਹੋਈ। ਨਿਮਨ- ਕਿਸਾਨੀ ਦੇ ਸਿਰ ਦਿਨੋਦਿਨ ਭਾਰੀ ਹੁੰਦੀ ਜਾਂਦੀ ਕਰਜੇ ਦੀ ਪੰਡ ਨੂੰ ਸੱਤਾ 'ਤੇ ਕਾਬਜ ਕਿਸੇ ਵੀ ਸਰਕਾਰ ਨੇ ਹੌਲਾ ਕਰਨ ਲਈ ਕੋਈ ਆਰਥਿਕ ਨੀਤੀ ਨਹੀਂ ਬਣਾਈ ਕਿਉਂਕਿ ਸੱਤਾ 'ਤੇ ਕਾਬਜ ਪੂੰਜੀਪਤੀ ਵਪਾਰੀ ਤੇ ਧਨੀ-ਕਿਸਾਨ ਕਦੇ ਨਹੀਂ ਚਾਹੁੰਦੇ ਕਿ ਦੇਸ਼ ਦੇ ਆਮ ਲੋਕ ਪੈਰਾਂ ਸਿਰ ਹੋ ਜਾਣ। ਉਹ ਆਮ ਲੋਕਾਂ ਨੂੰ ਮਹਿਜ਼ ਵੋਟ ਬੈਂਕ ਹੀ ਸਮਝਦੇ ਹਨ, ਜਿਸ ਦੇ ਪ੍ਰਤੀਫਲ ਵਜੋਂ ਕਰਜੇ ਹੇਠ ਨਪੀੜੀ ਨਿਮਨ-ਕਿਸਾਨੀ ਤੇ ਖੇਤੀਬਾੜੀ 'ਤੇ ਨਿਰਭਰ ਕਿਰਤੀ-ਵਰਗ ਅਤਿ-ਦੁਖਾਂਤਕ ਸਥਿਤੀਆਂ ਦੀ ਗਰਿਫ਼ਤ ਵਿਚ ਆਇਆ ਨਮੋਸ਼ੀ ਵਾਲੀ ਹਾਲਤ ਵਿਚ ਜਿਉਂਣ ਨਾਲੋਂ ਇਸ ਦਾ ਬਦਲ ਖੁਦਕੁਸ਼ੀਆਂ ਵਿਚ ਤਲਾਸ਼ਦਾ ਹੈ। ਅਜਿਹੇ ਕਰੂਰ ਜੀਵਨ-ਯਥਾਰਥ ਨੂੰ ਵਿਅੰਗਾਤਮਕ ਵਿਧੀ ਨਾਲ 'ਅਸੀਂ ਫੇਰ ਵੀ ਮਨਾਵਾਂਗੇ ਪੰਦਰਾਂ ਅਗਸਤ' ਨਿਬੰਧ ਵਿਚ ਸਮੱਗਰ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਨਿਬੰਧ ਵਿਚ ਸਮੇਂ ਦੀਆਂ ਅਖੌਤੀ ਲੋਕਤੰਤਰੀ-ਸਰਕਾਰਾਂ ਉੱਤੇ ਕਟਾਖਸ਼ ਕਰਦਿਆਂ ਸਪਸ਼ਟ ਕੀਤਾ ਗਿਆ ਹੈ ਕਿ ਦੇਸ਼ ਦਾ ਕਿਰਤੀ ਵਰਗ ਕਿਵੇਂ ਅਤਿ ਸੰਕਟਮਈ ਸਥਿਤੀਆਂ ਵਿਚ ਜਿਉਂਣ ਲਈ ਮਜ਼ਬੂਰ ਹੈ ਅਤੇ ਸੱਤਾ 'ਤੇ ਕਾਬਜ ਪੂੰਜੀਪਤੀ-ਜਮਾਤ ਆਜ਼ਾਦੀ ਵਾਲੇ ਦਿਨ ਦੇਸ਼ ਦੀ ਕਾਗਜ਼ੀ ਤਰੱਕੀ ਦੇ ਸੋਹਲੇ ਗਾਉਂਦੀ ਨਹੀਂ ਥਕਦੀ :

> 'ਭਰਤੀ ਕਿਸਾਨੀ ਕਰਜੇ ਹੇਠ ਨਪੀੜੀ ਜਾ ਚੁੱਕੀ ਹੈ। ਖੇਤੀ ਨੂੰ ਪੂੰਜੀਵਾਦੀ ਨੀਤੀਆਂ ਲੈ ਬੈਠੀਆਂ। ਜਿਥੇ ਕਦੇ ਸੋਨੇ ਦੀ ਫ਼ਸਲ ਉੱਗਿਆ ਕਰਦੀ ਸੀ, ਉਥੇ ਅੱਜ ਖੁਦਕੁਸ਼ੀਆਂ ਦੀ ਫ਼ਸਲ ਉਗਦੀ ਹੈ। ਦੂਸਰਿਆਂ ਨੂੰ ਜੀਵਨ ਦੇਣ ਵਾਲਾ ਸਾਡਾ ਅੰਨਦਾਤਾ, ਖੁਦ ਆਪਣੇ ਜੀਵਨ ਹੱਥੋਂ ਹਾਰ ਗਿਆ ਹੈ।'[19]

ਜ਼ਾਹਿਰ ਹੈ, ਲੇਖਕ ਭਾਰਤ ਦੀ ਆਜ਼ਾਦੀ ਨੂੰ ਲੰਗੜੀ ਆਜ਼ਾਦੀ ਵਜੋਂ ਤਸੱਵਰ ਕਰਦਾ ਹੈ ਕਿਉਂਕਿ ਭਾਰਤ ਦੇ ਆਮ ਲੋਕਾਂ ਨੇ ਜਿਹੜੀ ਆਜ਼ਾਦੀ ਦਾ ਸੁਪਨਾ ਵੇਖਿਆ ਸੀ ਉਹ ਤਾਂ ਹਾਲੇ ਵੀ ਉਨ੍ਹਾਂ ਤੋਂ ਕੋਹਾਂ ਦੂਰ ਹੈ ਪਰੰਤੂ ਜਿਹੜੀ ਆਜ਼ਾਦੀ ਮਿਲੀ ਹੈ ਉਹ ਭਾਰਤ ਦੇ ਮੁੱਠੀ ਭਰ ਪੂੰਜੀਪਤੀ ਵਰਗ ਦੀ ਰਖੇਲ ਬਣ ਕੇ ਰਹਿ ਗਈ ਹੈ। ਲੇਖਕ ਸਪਸ਼ਟ ਕਰਦਾ ਹੈ ਕਿ ਭਾਰਤ ਦੇ ਪ੍ਰੋਲੇਤਾਰੀ ਵਰਗ ਨੂੰ ਅਨੇਕ ਆਰਥਿਕ, ਸਮਾਜਿਕ, ਰਾਜਨੀਤਿਕ, ਧਾਰਮਿਕ ਤੇ ਸਭਿਆਚਾਰਕ ਸੰਕਟਾਂ/ਭ੍ਰਾਂਤੀਆਂ ਵਿਚ ਉਲਝਾਅ ਕੇ ਬੁਰਜ਼ਵਾ ਵਰਗ ਸੱਤਾ 'ਤੇ ਕਾਬਜ ਹੋ ਜਾਂਦਾ ਹੈ ਤੇ ਆਪਣੇ ਮਨ ਆਈਆਂ ਕਰਦਾ ਹੈ। ਇਹੀ ਕਾਰਨ ਹੈ ਕਿ ਦੇਸ਼ ਨੂੰ ਆਜ਼ਾਦ ਹੋਇਆਂ ਸੱਤ ਦਹਾਕੇ ਬੀਤ ਗਏ ਹਨ ਪਰੰਤੂ ਆਮ ਲੋਕਾਂ ਨੂੰ ਜੀਵਨ ਦੀਆਂ ਮੁਢਲੀਆਂ ਲੋੜਾਂ ਦੀ ਪੂਰਤੀ ਵੀ ਨਸੀਬ ਨਹੀਂ ਹੋਈ ਸਗੋਂ ਉਹ ਅਤਿ ਸੰਕਟਸ਼ੀਲ ਹਾਲਤਾਂ ਵਿਚ ਜੂਨ ਕੱਟਣ ਲਈ ਮਜ਼ਬੂਰ ਹੋ ਰਹੇ ਹਨ। ਲੇਖਕ ਅਜਿਹੀਆਂ ਸੰਕਟਮਈ ਸਥਿਤੀਆਂ ਨੂੰ ਪੈਦਾ ਕਰਨ ਵਾਲੀਆਂ ਅਖੌਤੀ ਲੋਕਤੰਤਰੀ ਸਰਕਾਰਾਂ ਵਿਚ ਲੋਕ-ਕਲਿਆਣਕਾਰੀ ਇੱਛਾ ਸ਼ਕਤੀ ਦੀ ਘਾਟ ਅਤੇ ਹਰ ਪੱਧਰ 'ਤੇ ਫ਼ੈਲੇ ਹੋਏ ਭ੍ਰਿਸ਼ਟਾਚਾਰ ਨੂੰ ਦੋਸ਼ੀ ਕਰਾਰ ਦਿੰਦਾ ਹੈ। ਅਜਿਹੀਆਂ ਕਰੂਰ ਸਥਿਤੀਆਂ ਨੂੰ ਜੀਵਨ ਜਿਉਂਣ ਜੋਗੀਆਂ ਹਾਲਤਾਂ 'ਚ ਤਬਦੀਲ ਕਰਨ ਲਈ ਲੇਖਕ ਆਪਣੇ ਨਿਬੰਧਾਂ ਵਿਚ ਥਾਂ ਪਰ ਥਾਂ ਨੁਕਤੇ ਸੁਝਾਉਂਦਾ ਹੈ। ਉਹ ਜ਼ਿੰਦਗੀ ਨੂੰ ਰਵਾਨੀ ਦੇਣ ਲਈ ਹਵਾ, ਪਾਣੀ, ਦਰਿਆ, ਨਦੀਆਂ, ਸੂਰਜ,

ਬਹਾਰ, ਦੀਵਾ, ਚੇਤਨਾ, ਜੋਤ, ਸਮੁੰਦਰ ਆਦਿ ਸ਼ਬਦ ਵਾਰ-ਵਾਰ ਵਰਤਦਾ ਹੈ। ਇਹ ਸ਼ਬਦ ਅਜਿਹੇ ਵਰਤਾਰਿਆਂ ਦੇ ਚਿਹਨ ਹਨ ਜਿਹੜੇ ਜੀਵਨ ਦੀ ਗਤੀਸ਼ੀਲਤਾ ਨੂੰ ਵਿਸ਼ਾਲ ਪੱਧਰ 'ਤੇ ਸਮਝਣ ਦਾ ਨਾ-ਕੇਵਲ ਸੰਦਰਭ ਸਿਰਜਦੇ ਹਨ ਸਗੋਂ ਜੀਵਨ ਵਿਚ ਸੰਘਰਸ਼ ਤੇ ਸਿਰੜ ਦੀ ਮਹੱਤਤਾ ਨੂੰ ਵੀ ਸਾਕਾਰ ਕਰ ਦਿੰਦੇ ਹਨ। ਇਹ ਜੀਵਨ ਵਿਚ ਤੁਰੇ ਰਹਿਣ ਦੀ ਲਗਨ, ਸੰਘਰਸ਼ ਤੇ ਸਿਰੜ ਮਨੁੱਖ ਦੀ ਖੁਸ਼ਹਾਲ ਜ਼ਿੰਦਗੀ ਦਾ ਆਧਾਰ ਤਿਆਰ ਕਰਦੇ ਹਨ। ਇਸੇ ਕਾਰਨ ਲੇਖਕ ਜੀਵਨ ਵਿਚ ਵਾਪਰੇ ਨੂੰ ਸਿਰਫ਼ ਪਿੰਡੇ 'ਤੇ ਜ਼ਰ ਲੈਣਾ ਹੀ ਪ੍ਰਾਪਤੀ ਨਹੀਂ ਮੰਨਦਾ ਸਗੋਂ ਉਸ ਦੀ ਪੁਨਰ-ਸਿਰਜਣਾ ਕਰਕੇ ਪਾਠਕ ਲਈ ਪ੍ਰੇਰਣਾ ਪੈਦਾ ਕਰਨ ਵਿਚ ਯਕੀਨ ਰਖਦਾ ਹੈ। ਜਿਸ ਤਰ੍ਹਾਂ ਦਾ ਘਰ, ਰਿਸ਼ਤੇ-ਨਾਤੇ, ਪ੍ਰਸ਼ੰਸਕ, ਪ੍ਰੇਰਕ, ਸਮਾਜ-ਸਭਿਆਚਾਰਕ ਵਰਤਾਰੇ, ਸਥਾਪਤੀ ਆਦਿ ਉਸਨੂੰ ਵਿਰਾਸਤ ਵਿਚ ਮਿਲਦੇ ਹਨ ਉਹ ਉਨ੍ਹਾਂ ਦਾ ਪਿਛਲੱਗ ਬਣਨ ਦੀ ਬਜਾਏ ਨਾ-ਕੇਵਲ ਆਪਣਾ ਨਵਾਂ ਰਾਹ ਚੁਣਦਾ ਹੈ ਸਗੋਂ ਪਾਠਕ ਨੂੰ ਇਸ ਨਿਵੇਕਲੇ ਰਾਹ ਦੀ ਚੋਣ ਲਈ ਪ੍ਰੇਰਤ ਵੀ ਕਰਦਾ ਹੈ। ਜੀਵਨ ਵਿਚ ਆਏ ਸੰਕਟਾਂ/ਕਸ਼ਟਾਂ ਨੂੰ ਉਹ ਆਪਣੀ ਵਿਲੱਖਣ ਜੀਵਨ-ਦ੍ਰਿਸ਼ਟੀ ਤੇ ਜੀਵਨ-ਅਮਲ ਵਿਚ ਤਬਦੀਲ ਕਰਕੇ ਅਜਿਹੇ ਪ੍ਰਤਿਨਿਧ ਵਜੋਂ ਦ੍ਰਿਸ਼ਟੀਗੋਚਰ ਹੁੰਦਾ ਹੈ ਜੋ ਪ੍ਰੋਲੇਤਾਰੀ ਜਮਾਤ ਲਈ ਕਿਸੇ ਰਾਹ ਦਸੇਰੇ ਤੋਂ ਘੱਟ ਨਜ਼ਰ ਨਹੀਂ ਆਉਂਦਾ।

ਉਪਰੋਕਤ ਵਿਚਾਰਾਂ ਦੀ ਲੋਅ ਵਿਚ ਕਿਹਾ ਜਾ ਸਕਦਾ ਹੈ ਕਿ ਗੁਰਸੇਵਕ ਲੰਬੀ ਦੀ ਵਾਰਤਕ ਸਮਕਾਲੀ ਪੰਜਾਬੀ ਵਾਰਤਕ ਜਗਤ ਦੀ ਅਜਿਹੀ ਬਹੁ-ਪਰਤੀ ਤੇ ਬਹੁ-ਪਾਸਾਰੀ ਵਾਰਤਕ ਵਜੋਂ ਦ੍ਰਿਸ਼ਟੀਗੋਚਰ ਹੁੰਦੀ ਹੈ ਜਿਹੜੀ ਸਮਕਾਲੀ ਸਮਾਜ-ਸਭਿਆਚਾਰਕ ਜੀਵਨ-ਯਥਾਰਥ ਦੀਆਂ ਵਿਭਿੰਨ ਪਰਤਾਂ ਨੂੰ ਨਾ-ਕੇਵਲ ਚਿੰਤਨੀ ਸੰਦਾਂ ਨਾਲ ਖੋਲਦੀ ਹੈ ਸਗੋਂ ਉਨ੍ਹਾਂ ਦਾ ਵਿਹਾਰਕ ਵਿਸ਼ਲੇਸ਼ਣ ਕਰਨ ਦੇ ਨਾਲ-ਨਾਲ ਉਨ੍ਹਾਂ ਦਾ ਪ੍ਰਤੀ-ਬਦਲ ਵੀ ਸਿਰਜਦੀ ਹੈ। ਵਿਸ਼ਵੀਕਰਨ ਦੇ ਵਰਤਾਰੇ ਤਹਿਤ ਪੈਦਾ ਹੋਏ ਆਰਥਿਕਤਾ ਦੇ ਉਤਰ-ਬਸਤੀਵਾਦੀ ਮਾਡਲ ਦੇ ਮੰਡੀ-ਸਭਿਆਚਾਰ ਨੇ ਮਨੁੱਖੀ ਰਿਸ਼ਤਿਆਂ ਦੇ ਜਿਹੜੇ ਨਵੇਂ ਸਮੀਕਰਨ ਸਿਰਜੇ ਹਨ ਅਤੇ ਉਨ੍ਹਾਂ ਸਦਕਾ ਸਮਕਾਲੀ ਸਮਾਜ-ਸਭਿਆਚਾਰ ਕਿਵੇਂ ਵੱਡੀ ਪੱਧਰ 'ਤੇ ਤਬਦੀਲ ਹੋਇਆ ਹੈ, ਇਸ ਸਭ ਨੂੰ ਗੰਭੀਰਤਾ ਨਾਲ ਵਿਚਾਰਨਾ ਅਤੇ ਸਮਕਾਲੀ ਜੀਵਨ-ਯਥਾਰਥ ਦੀ ਪੁਨਰ-ਸਿਰਜਣਾ ਕਰਕੇ ਪਾਠਕ ਨੂੰ ਸੋਚਣ ਦੀ ਕਿਰਿਆ ਵਿਚ ਪਾ ਦੇਣਾ ਇਸ ਵਾਰਤਕ ਦਾ ਹਾਸਲ ਨਜ਼ਰ ਆਉਂਦਾ ਹੈ।

## ਹਵਾਲੇ ਅਤੇ ਟਿੱਪਣੀਆਂ


1. ਸਤਿੰਦਰ ਸਿੰਘ, ਆਧੁਨਿਕ ਪੰਜਾਬੀ ਵਾਰਤਕ ਦਾ ਇਤਿਹਾਸ, ਪੰਜਾਬੀ ਅਕਾਦਮੀ, ਦਿੱਲੀ, 2006, ਪੰਨਾ 37

2. ਪਿਆਰਾ ਸਿੰਘ, ਪੰਜਾਬੀ ਵਾਰਤਕ : ਸਿਧਾਂਤ, ਇਤਿਹਾਸ ਤੇ ਪ੍ਰਵਿਰਤੀਆਂ, ਨਿਊ ਬੁਕ ਕੰਪਨੀ, ਜਲੰਧਰ, 1989, ਪੰਨਾ 06

3. ਕੁਲਬੀਰ ਸਿੰਘ ਕਾਂਗ (ਸੰਪਾ.), ਚੋਣਵੀਂ ਪੰਜਾਬੀ ਰਚਨਾਤਮਕ ਵਾਰਤਕ, ਨੈਸ਼ਨਲ ਬੁਕ ਟਰੱਸਟ ਇੰਡੀਆ, ਦਿੱਲੀ, 1999, ਪੰਨਾ 04

4. ਨਰਿੰਦਰ ਸਿੰਘ ਕਪੂਰ, 'ਦੋ ਸ਼ਬਦ', ਦਿਲ ਦਿਮਾਗ ਦੀ ਵਾਰਤਾ, ਅਦਬੀ ਪ੍ਰਕਾਸ਼ਨ, ਮਾਨਸਾ, 2014, ਪੰਨਾ 10

5. ਹਰਚਰਨ ਸਿੰਘ, ਪੰਜਾਬੀ ਵਾਰਤਕ ਦਾ ਜਨਮ ਤੇ ਵਿਕਾਸ਼, ਪੈਪਸੂ ਬੁਕ ਡਿਪੂ, ਪਟਿਆਲਾ, 1972, ਪੰਨਾ 174

6. ਗੁਰਸੇਵਕ ਲੰਬੀ, ਦਿਲ ਦਿਮਾਗ ਦੀ ਵਾਰਤਾ, ਅਦਬੀ ਪਰਵਾਜ਼ ਪ੍ਰਕਾਸ਼ਨ, ਮਾਨਸਾ, 2014, ਪੰਨਾ 12

7. ਸਤੀਸ਼ ਕੁਮਾਰ ਵਰਮਾ, 'ਭੂਮਿਕਾ', ਦਿਲ ਦਿਮਾਗ ਦੀ ਵਾਰਤਾ, ਪੰਨਾ 08

8. ਗੁਰਸੇਵਕ ਲੰਬੀ, 'ਵਿਆਹ ਪ੍ਰਬੰਧ ਅਤੇ ਪੰਜਾਬੀ ਭਾਸ਼ਾ ਲਈ ਚੁਣੌਤੀਆਂ', ਪੰਜਾਬੀ ਟ੍ਰਿਬਿਊਨ, ਚੰਡੀਗੜ੍ਹ, 24 ਫਰਵਰੀ 2013

9. ਉਹੀ, 'ਸੰਤਾਲੀ ਦਾ ਦੁੱਖ ਅਤੇ ਅਸੀਂ', ਸੋਚ ਦੀ ਸ਼ਕਤੀ (ਪੰਜਾਬੀ ਮੈਗਜ਼ੀਨ), ਫਰਵਰੀ 2007, ਪਟਿਆਲਾ, ਪੰਨਾ 22

10. ਗੁਰਸੇਵਕ ਲੰਬੀ, ਦਿਲ ਦਿਮਾਗ ਦੀ ਵਾਰਤਾ, ਪੰਨਾ 17

11. ਉਹੀ, ਪੰਨਾ 21

12. ਉਹੀ, 'ਜ਼ਿੰਦਗੀ ਨੂੰ ਦੇਈਏ ਖ਼ੁਸ਼ੀਆਂ ਦੀ ਜਬਰ', ਪੰਜਾਬੀ ਟ੍ਰਿਬਿਊਨ, ਚੰਡੀਗੜ੍ਹ, 25 ਅਕਤੂਬਰ 2007

13. ਉਹੀ, ਦਿਲ ਦਿਮਾਗ ਦੀ ਵਾਰਤਾ, ਪੰਨਾ 36

14. ਉਹੀ, ਪੰਨਾ 39

15. ਉਹੀ, ਪੰਨਾ 30

16. ਉਹੀ, 'ਨਜ਼ਾਰਾ ਨਜ਼ਰ ਦਾ', ਪੰਜਾਬੀ ਟ੍ਰਿਬਿਊਨ, ਚੰਡੀਗੜ੍ਹ, 10 ਦਸੰਬਰ 2006

17. ਉਹੀ, ਦਿਲ ਦਿਮਾਗ ਦੀ ਵਾਰਤਾ, ਪੰਨਾ 67

18. ਉਹੀ, 'ਸ਼ਾਂਤੀ ਦੀ ਭਾਲ ਵਿਚ ਬੇਚੈਨ ਹੋਏ ਲੋਕ', ਸੋਚ ਦੀ ਸ਼ਕਤੀ (ਪੰਜਾਬੀ ਮੈਗਜ਼ੀਨ), ਸਤੰਬਰ 2007, ਪਟਿਆਲਾ, ਪੰਨਾ 39

19. ਉਹੀ, ਦਿਲ ਦਿਮਾਗ ਦੀ ਵਾਰਤਾ, ਪੰਨਾ 78-79

Regd. No. 28873/76
ISSN 2319-5053
UGC Approved

Sept. - Oct. 2020



Published by the Secretary on behalf of
**J&K Academy of Art, Culture and Languages, Jammu**
and Printed at Classic Printers, Bari Brahamana, Jammu